# ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ
(ਕਾਵਿ ਸੰਗ੍ਰਹਿ)

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥

# ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ

(ਕਾਵਿ ਸੰਗ੍ਰਹਿ)

**ਸਿਮਬਰਨ ਕੌਰ ਸਾਬਰੀ**

ਪ੍ਰੀਤ ਪਬਲੀਕੇਸ਼ਨ, ਨਾਭਾ

# Jiththe Bhasha Nu Barf Paindi Hai

(A Book of Punjabi Poetry)

written by

**Simbran Kaur Sabri**
VPO. Chhajjalwaddi,
Teh. Baba Bakala,
Distt. Amritsar.
Pin Code-143149
FB : Simbran Kaur Sabri
Instagram : @Sabri_kaav_2023

ISBN

© Author

Edition - First

2023

Price Rs. 250/-

**Published by :**
**Preet Publication**
Thuhi Road, 40 No. Phatak, Nabha-147201
Mob. 98141-01312, 98551-00712
Email : preetpublication16@gmail.com

Printed & Bound at:
Daffodils Printers, Patiala

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਉਸ ਸਿਰਜਣਹਾਰ ਦੀ ਆਨੰਦਮਈ
ਸੋਹਬਤ ਵਿਚ ਬੈਠਿਆਂ ਪਣਪੀ
ਖ਼ਿਆਲਾਂ ਦੀ ਉਡਾਰੀ ਨੂੰ

# ਤਤਕਰਾ


♦ 'ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ' ਦੇ ਕਾਵਿਕ ਨਕਸ਼ — ਮਲਵਿੰਦਰ 10
♦ ਸਵਾਗਤ — ਜਸਵੀਰ ਰਾਣਾ 14
♦ ਭੂਮਿਕਾ — ਪ੍ਰੋ. ਜਗਮੀਤ ਸਿੰਘ ਸੋਹਬਤ 15
♦ ਵੱਡੇ ਸਾਹਿਬ ਦੀ ਵਡਿਆਈ — ਸਿਮਬਰਨ ਕੌਰ ਸਾਬਰੀ 17

♦ ਧੰਨ ਭਾਗ 19
♦ ਤੇਰੇ ਵਰਤਾਰੇ 21
♦ ਹਾਜ਼ਰੀ 22
♦ ਸੋਹਣਾ ਹਰਿਮੰਦਰ 24
♦ ਯਾਤਰਾ ਦੀ ਸ਼ੁਰੂਆਤ 25
♦ ਧੁੱਪਾਂ ਦੇ ਸੋਹਲੇ 27
♦ ਕਿਹੋ ਜਿਹੀ ਕਵਿਤਾ 28
♦ ਤੇਰੀ ਮਰਜ਼ੀ 30
♦ ਪਰਿਕਰਮਾ 31
♦ ਸਰੋਵਰ ਕੰਢੇ 33
♦ ਮੇਰੇ ਚਾਅ 34
♦ ਤੇਰੀ ਕਵਿਤਾ ਨੇ 35
♦ ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ 36
♦ ਗੱਲ ਕਾਹਦੀ ਏ? 37
♦ ਮਿਲਾਪ 38

- ਘਰ ਆਉਂਦੇ 39
- ਤੇਰੇ ਵਿਹੜੇ 40
- ਸ਼ਬਦਾਂ ਦੀ ਲੋਹੜੀ 41
- ਔਰਤਾਂ 42
- ਸਾਰੇ ਅੱਖਰ 44
- ਕਵੀਆਂ ਵਾਲਾ ਪਿਆਰ 45
- ਪ੍ਰਸਾਦ 46
- ਏਦਾਂ ਹੀ ਰਹੇ 47
- ਰਿਸ਼ਤਾ 48
- ਨਿੱਤਰੇ ਦਿਨ ਵਰਗੀ 49
- ਤੇਰੇ ਪੈਰਾਂ ਹੇਠ 50
- ਅਸਲ ਮਨੋਰਥ 52
- ਆਓ ਕੇਸਰੀ ਮੁਹੱਬਤ ਕਰੀਏ 54
- ਤੁਸੀਂ ਕਦੇ ਬਾਰਸ਼ ਵਿਚ ਭਿੱਜੇ ਹੋ 56
- ਸਿਰਜਣਹਾਰ 58
- ਰੁੱਤਾਂ 59
- ਦੋਸਤਾ (ਬਾਲ ਕਵਿਤਾ) 60
- ਤੇਰਾ ਦਰ 61
- ਤੁਹਾਡਾ ਸਹਾਰਾ 62
- ਮੁਹੱਬਤ 64
- ਗੀਤ ਬਣਾਉਂਦਾ ਰਿਹਾ 65
- ਬਦਲਾਅ 66
- ਰੱਬ ਦੀ ਸਾਜ਼ਿਸ 68
- ਬੋਲਣ ਦਾ ਬਹਾਨਾ 70
- ਰਿਮਝਿਮ ਵਰ੍ਹਦੇ 72
- ਸਹਿਜ ਸੁਭਾਅ 74
- ਤੰਦਰੁਸਤੀ 75
- ਰਿਆਜ਼ 76

- ਮੇਰੇ ਲਾਰਿਆਂ 'ਚ 77
- ਕਵਿਤਾ ਅਜੇ ਨਾ ਆਈ 78
- ਅਵਸਥਾ 79
- ਡਾਕੀਏ ਨੂੰ 81
- ਰਿਸ਼ਤਾ ਏਨਾ ਹੀ ਬਹੁਤ ਹੈ 83
- ਤੇਰਾ ਸੁਭਾਅ 84
- ਯਾਤਰਾ 85
- ਘੁਲਣਸ਼ੀਲ 86
- ਰਿਆਜ਼ ਕਰੀਏ 87
- ਸ਼ੀਸ਼ੇ ਨੂੰ 88
- ਸਾਹਿਬ 89
- ਰਹਿਣ ਜਿਊਂਦੀਆਂ 90
- ਜਗ ਤੇ ਐਸਾ ਨਾਂ 91
- ਗੀਤ 93
- ਹਾਏ ਏਨਾ ਸੋਹਣਾ ਸੀ ਪੰਜਾਬ 95
- ਤ੍ਰਿਪਤ ਅਹਿਸਾਸ 96
- ਕਵਿਤਾ ਵੀ ਗਈ ਹਾਰ 97
- ਕਿਨਾਰਾ 98
- ਅਵਸਥਾ 99
- ਭਰਮ 100
- ਕਠਿਨ ਕਾਰਜ 101
- ਸਹਿਮਤੀ 102
- ਮਹਿਕ 103
- ਜਾਗ ਜਾਂਦੇ ਨੇ ਭਾਗ 104
- ਵਿਛੋੜਾ 105
- ਸਾਂਝਾਂ ਪਾਈਏ 107
- ਮਨ ਮੰਦਰ 108
- ਸਤਿਗੁਰੂ 109

♦ ਹਰਿਮੰਦਰ ਏਹੁ ਸਰੀਰ ਹੈ 110
♦ ਸਾਬਰੀ ਰਬਾਬ ਸੁਣ 112
♦ ਮਹਿਰਮਾ 113
♦ ਸ਼ੁਕਰੀਆ 115
♦ ਸਰਬ ਸੁੱਖ 116
♦ ਆਨੰਦ, ਚੌਪਈ, ਰਹਿਰਾਸ 117
♦ ਸੋਹਣਾ ਸਿੱਖੀਏ 118
♦ ਅਸਲ ਮਨੋਰਥ 119
♦ ਤੇਰੇ ਦਰ 121
♦ ਕਮਾਲ ਪੰਜਾਬੀ 122
♦ ਸਾਬਰੀ ਸਾਹਿਬ ਦੇ ਦਰਬਾਰ 123
♦ ਤੇਰੇ ਦਰਸ਼ਨਾਂ ਤੋਂ ਬਗੈਰ 125
♦ ਸੁੰਦਰ ਦੀਵਾਨ ਹੈ 127

# 'ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ' ਦੇ ਕਾਵਿਕ ਨਕਸ਼

ਇਸ ਗੱਲ ਦਾ ਕੋਈ ਮਹੱਤਵ ਨਹੀਂ ਕਿ ਸਿਮਬਰਨ ਮੇਰੀ ਵਿਦਿਆਰਥਣ ਰਹੀ ਹੈ। ਮਹੱਤਵ ਤਾਂ ਇਸ ਗੱਲ ਦਾ ਹੈ ਕਿ ਉਹ ਕਵਿਤਾ ਲਿਖਦੀ ਹੈ। ਦੂਜਾ ਮਹੱਤਵ ਇਹ ਹੈ ਕਿ ਉਹ ਮੇਰੇ ਪਿੰਡ ਛੱਜਲਵੱਡੀ ਦੀ ਦੋਹਤੀ ਹੈ ਤੇ ਨਾਨਕਾ ਪਿੰਡ ਹੁਣ ਉਸਦਾ ਪੱਕਾ ਰੈਣ-ਬਸੇਰਾ ਹੈ। ਉਹ ਕਿਹੋ ਜਿਹੀ ਕਵਿਤਾ ਲਿਖਦੀ ਹੈ, ਮਹੱਤਵ ਭਾਵੇਂ ਇਸ ਗੱਲ ਦਾ ਵੀ ਨਾ ਹੋਵੇ, ਪਰ ਉਸਦੀ ਕਵਿਤਾ ਦੀ ਗੱਲ ਕਰਨੀ ਬਣਦੀ ਹੈ। ਮੈਂ ਇਹ ਕਵਿਤਾ ਪੜ੍ਹੀ ਵੀ ਹੈ, ਨਹੀਂ ਵੀ। ਮੇਰੇ ਪੜ੍ਹਨ 'ਚ ਮੁਹੱਬਤ ਹੈ, ਅਪਣੱਤ ਹੈ, ਸਮਰਪਣ ਹੈ, ਭਾਵੁਕਤਾ ਨਹੀਂ, ਉਪ-ਭਾਵੁਕਤਾ ਹੈ। ਉਪ-ਭਾਵੁਕਤਾ ਵਸਤਾਂ ਦੇ ਅਸਲ ਨਕਸ਼ ਬਦਲ ਦਿੰਦੀ ਹੈ ਜਾਂ ਕਈ ਵਾਰ ਵਿਗਾੜ ਦਿੰਦੀ ਹੈ। ਮੈਂ ਵਿਗੜੇ ਨਕਸ਼ਾਂ ਵਾਲੀ ਟਿੱਪਣੀ ਕਿਉਂ ਕਰਾਂਗਾ? ਕਵਿਤਾ ਤੁਹਾਨੂੰ ਪਛਾਣ ਦਿੰਦੀ ਹੈ, ਤੁਹਾਡੇ ਅੰਦਰ ਪਏ ਜਾਤ, ਧਰਮ, ਗ਼ੁਰਬਤ ਤੇ ਅਣਗੌਲੇ ਹੋਣ ਦੇ ਹੀਣ ਭਾਵ ਤੋਂ ਮੁਕਤ ਕਰਦੀ ਹੈ। ਤੁਸੀਂ ਆਪਣੇ ਆਲ਼ੇ-ਦੁਆਲ਼ੇ ਤੋਂ ਬਿਹਤਰ ਤੇ ਵੱਖਰਾ ਮਹਿਸੂਸ ਕਰਦੇ ਹੋ। ਤੁਹਾਨੂੰ ਫ਼ੁਰਨੇ ਫ਼ੁਰਨ ਲੱਗਦੇ ਹਨ, ਵਿਚਾਰ ਬਹੁੜਨ ਲੱਗਦੇ ਹਨ। ਸਧਾਰਣ ਦਿੱਸਦੇ ਵਰਤਾਰਿਆਂ 'ਚ ਕਵਿਤਾ ਸਾਕਾਰ ਹੋਣ ਲੱਗਦੀ ਹੈ। ਤੁਹਾਨੂੰ ਚੁਫ਼ੇਰੇ ਪਈ ਕੁਦਰਤ ਵਿਚਲੇ ਕਾਵਿਕ ਅਹਿਸਾਸ ਸ਼ਰਸਾਰ ਕਰਨ ਲੱਗਦੇ ਹਨ। ਕਵਿਤਾ ਇੱਕ ਨਸ਼ਾ ਹੁੰਦਾ ਹੈ ਜੋ ਤੁਹਾਨੂੰ ਅਧਿਆਤਮ ਦੇ ਅਗਲੇ ਪੜ੍ਹਾਅ 'ਤੇ ਲੈ ਜਾਂਦਾ ਹੈ। ਤੁਹਾਡੀ ਦੇਹ ਅੰਦਰਲੇ ਰਹੱਸ ਸ਼ਬਦਾਂ ਦਾ ਆਕਾਰ ਗ੍ਰਹਿਣ ਕਰਨ ਲੱਗਦੇ ਹਨ :

ਚਾਰ ਚੁਫ਼ੇਰੇ ਸੋਹਣੀ ਕੁਦਰਤ ਪੂਰੇ ਰੌਂ ਵਿਚ ਆਈ
ਉਸ ਰਹਿਬਰ ਦੇ ਸਦਕੇ ਜਾਵਾਂ, ਜਿਸ ਸਾਵਣ ਬਣਤ ਬਣਾਈ
ਐਸੀ ਬਖ਼ਸ਼ੀ ਕਵਿਤਾ ਪਿਆਰੇ, ਦਿਲ ਹੋਇਆ ਬਾਗੋ-ਬਾਗ

ਸਿਮਬਰਨ ਦੀ ਕਵਿਤਾ ਵਿਚ ਮੁਹੱਬਤ ਹੈ, ਅਧਿਆਤਮ ਹੈ, ਸ਼ਰਧਾ ਹੈ, ਸਮਾਧੀ ਹੈ ਤੇ ਬਹੁਤ ਸਾਰੀ ਕੁਦਰਤ ਹੈ। ਇਸ ਸਾਰੇ ਕੁਝ ਨੂੰ ਸਮੇਟੀ ਉਸ ਦੀ ਕਵਿਤਾ ਕਿਤੇ ਕਿਤੇ ਪਾਠਕ ਨੂੰ ਅਚੰਭਿਤ ਵੀ ਕਰਦੀ ਹੈ। ਉਸ ਦੀਆਂ ਛੋਟੀਆਂ ਛੋਟੀਆਂ ਕਵਿਤਾਵਾਂ ਵਿਚ ਅਹਿਸਾਸਾਂ ਦੀ ਬੁਲੰਦੀ ਪੇਸ਼ ਹੋਈ ਹੈ ਜਿਸ ਵਿਚ ਕਾਵਿਕਤਾ ਆਪਣੇ ਸਿਖ਼ਰ ਤੇ ਹੈ। ਉਸ ਦੀ ਕਾਵਿਕ ਯਾਤਰਾ ਇੱਕ ਅਹਿਦ ਨਾਲ਼ ਸ਼ੁਰੂ ਹੁੰਦੀ ਹੈ ਜਿਸ ਵਿਚ ਉਸਦੀ ਕਲਪਨਾ ਤਾਰਿਆਂ ਦੀ ਮੁੱਠ ਭਰਦੀ ਹੈ। ਉਹ ਗਵਾਂਢ ਵਿਚ ਵੱਸਦੇ ਕਿਸੇ ਮੋਹ ਭਿੱਜੇ ਪਾਤਰ ਦਾ ਦ੍ਰਿਸ਼ ਸਿਰਜਦੀ ਕਹਿੰਦੀ ਹੈ ਕਿ ਗੱਲ ਤਾਂ ਸਾਰੀ ਤੇਰੇ ਕਹਿਣ ਨਾਲ਼ ਬਣਦੀ ਹੈ। ਛੋਟੇ ਛੋਟੇ ਲਮਹਿਆਂ ਨੂੰ ਪਕੜਨਾ ਉਸ ਦੀ ਕਵਿਤਾ ਦੀ ਵਡਿਆਈ ਹੈ :

ਉਹ ਆਖਦਾ
ਤੇਰੇ ਘਰ ਕੋਲ਼ ਦੀ ਲੰਘਿਆ
ਤੂੰ ਕਿੱਥੇ ਸੀ
ਮੈਂ ਆਖਿਆ ਲੰਘ ਕਿਉਂ ਗਏ
ਘਰ ਆਉਂਦੇ, ਕੋਲ਼ ਬੈਠਦੇ
ਕਵਿਤਾ ਬਣਦੀ
ਮੈਂ ਅੱਖਰਾਂ ਵਿਚ ਹੀ ਸੀ

ਹਰ ਵੇਲ਼ੇ ਅੱਖਰਾਂ ਵਿਚ ਰਹਿਣ ਵਾਲੀ ਸਿਮਬਰਨ ਦੀ ਕਵਿਤਾ ਵਿਚ ਅਜਿਹੇ ਕਈ ਚਮਤਕਾਰ ਪੜ੍ਹਨ ਨੂੰ ਮਿਲਦੇ ਹਨ। ਉਹ ਔਰਤ ਹੈ ਤੇ ਮੁਕਤੀ ਲਈ ਸੰਘਰਸ਼ ਕਰ ਰਹੀ ਔਰਤ ਦੀ ਪ੍ਰੀਭਾਸ਼ਾ ਵੀ ਉਸ ਕੋਲ਼ ਹੈ। 'ਔਰਤਾਂ' ਨਾਂ ਦੀ ਕਵਿਤਾ ਇਸ ਦੀ ਉੱਤਮ ਉਦਾਹਰਣ ਹੈ। ਉਸ ਦੀਆਂ ਕਵਿਤਾਵਾਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੀਆਂ ਕਿਸੇ ਆਪਣੇ ਨਾਲ ਚੈਟਿੰਗ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਇਹਨਾਂ ਕਵਿਤਾਵਾਂ ਵਿਚ ਹੁੰਗਾਰਾ ਹੈ। ਇਹ ਹੁੰਗਾਰਾ ਕਿਸੇ ਬਾਤ ਦਾ ਵੀ ਹੋ ਸਕਦਾ ਹੈ, ਕਿਸੇ ਖ਼ਤ ਦਾ ਵੀ। ਇਹ ਹੁੰਗਾਰਾ ਕਿਸੇ ਸਵਾਲ ਦਾ ਵੀ ਹੋ ਸਕਦਾ ਹੈ ਤੇ ਕਿਸੇ ਕਵਿਤਾ ਦਾ ਵੀ। ਇਨ੍ਹਾਂ ਹੁੰਗਾਰਿਆਂ 'ਚ ਕਵਿਤਾ ਸਾਹ ਲੈਂਦੀ ਹੈ। ਕਵਿਤਾ ਦਾ ਹੁੰਗਾਰਾ ਬਣੀ ਕਵਿਤਾ ਦਾ ਆਪਣਾ ਜਲਵਾ ਹੁੰਦਾ ਹੈ:

ਮੈਂ ਤੇਰੇ ਸ਼ਬਦਾਂ ਨੂੰ ਬੀਜਦੀ
ਕਵਿਤਾ ਦੇ ਰੁੱਖ ਸਗਲ ਧਰਤ 'ਤੇ
ਦੂਰ ਤੀਕ ਫੈਲ ਜਾਂਦੇ
ਤੁਸੀਂ ਮੈਨੂੰ ਹਰੇ-ਭਰੇ ਜੰਗਲ ਵਾਂਗ ਨਜ਼ਰ ਆਉਂਦੇ
ਕੁਦਰਤ ਵਾਂਗ ਖਿੜਦੇ ਪ੍ਰਤੀਤ ਹੁੰਦੇ
ਜਿਵੇਂ ਕੋਈ ਸ਼ਬਦਾਂ ਦੀ ਬੁੱਕਲ ਮਾਰ
ਰੁੱਤਾਂ ਵੰਡ ਰਿਹਾ ਹੋਵੇ

ਸਿਮਬਰਨ ਦੀ ਕਵਿਤਾ ਵਿਚ ਸਹਿਜ ਵਰਗੀ ਕਾਹਲ ਹੈ। ਕਾਹਲ 'ਚ ਕਵਿਤਾ ਨਹੀਂ ਹੁੰਦੀ। ਕਵਿਤਾ 'ਚ ਕਾਹਲ ਨਹੀਂ ਹੁੰਦੀ। ਇਸ ਦਵੰਦ ਨੂੰ ਸਮਝਣ ਦੀ ਲੋੜ ਹੈ। ਇਸ ਕਵਿਤਾ ਵਿਚ ਬਹੁਤ ਕੁਝ ਹੈ। ਬਹੁਤ ਕੁਝ ਹੁੰਦਿਆਂ ਹੋਇਆਂ ਵੀ ਬਹੁਤ ਕੁਝ ਬਾਹਰ ਰਹਿ ਗਿਆ ਹੈ। ਇਹ ਬਾਹਰ ਰਹਿ ਗਏ ਦੇ ਜ਼ਸ਼ਨ ਦੀ ਕਵਿਤਾ ਵੀ ਹੈ। ਇਸ ਜ਼ਸ਼ਨ ਵਿਚ ਤੱਤੀ ਤਵੀ 'ਤੇ ਬੈਠਣਾ, ਜਿਗਰ ਦੇ ਟੋਟੇ ਅੱਖਾਂ ਸਾਹਵੇ ਸ਼ਹੀਦ ਹੁੰਦੇ ਵੇਖਣਾ, ਕੇਸਾਂ ਨੂੰ ਆਂਚ ਨਾ ਆਉਣ ਦੇਣੀ, ਖੋਪਰੀ ਲੁਹਾ ਲੈਣੀ, ਚਰਖੜੀਆਂ 'ਤੇ ਚੜ੍ਹ ਜਾਣਾ, ਨੀਹਾਂ ਵਿਚ ਖੜ੍ਹ ਜਾਣਾ, ਜੈਕਾਰੇ ਲਾਉਣੇ ਮੁਹੱਬਤ ਹੈ। ਇਹ ਮੁਹੱਬਤ ਕੁਰਬਾਨ ਹੋ ਜਾਣ ਦੀ ਮੁਹੱਬਤ ਹੈ। ਇਸ ਮੁਹੱਬਤ ਦਾ ਰੰਗ ਇਤਿਹਾਸ ਸਿਰਜਦਾ ਹੈ।

ਕਵਿਤਰੀ ਕੋਲ਼ ਕਾਵਿਕ ਭਾਸ਼ਾ ਵੀ ਹੈ। ਇਹ ਭਾਸ਼ਾ ਹੀ ਉਸ ਦੀ ਕਵਿਤਾ ਨੂੰ ਪਾਠਕ ਦੇ ਨੇੜੇ ਲੈ ਕੇ ਜਾਂਦੀ ਹੈ:

ਉਡੀਕ ਦਾ ਸਿਆਲ਼ ਚੁਬਾਰੇ ਚੜ੍ਹ ਗਿਆ
ਅੱਜ ਵੀ ਮੇਰੀਆਂ ਬਰੂਹਾਂ ਦੇ ਬਾਹਰ
ਤੇਰੇ ਕਦਮਾਂ ਦੇ ਨਿਸ਼ਾਨ ਰਹਿ ਗਏ

+

ਤੁਸੀਂ ਮੇਰੇ ਉਥੇ ਕੁ ਜਿਹੇ ਵੱਸਦੇ ਓ
ਜਿੱਥੋਂ ਸ਼ਬਦ ਨਿਰੰਤਰ ਵਹਿ ਰਹੇ
ਮੂਲ ਭਿੱਜਦਾ ਜਾ ਰਿਹਾ, ਮਨ ਧੋਤਾ ਜਾ ਰਿਹਾ
ਕਵਿਤਾ ਡੁੱਲ ਡੁੱਲ ਪੈ ਰਹੀ

ਇਸ ਸੰਗ੍ਰਹਿ ਵਿਚ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ। ਰੱਬ ਨੂੰ ਸਮਰਪੱਤ ਹੋ ਕੇ ਉਸ ਦੀ ਉਸਤਤ ਵਿੱਚ ਲਿਖੇ ਗੀਤਾਂ ਵਰਗੀਆਂ ਵੀ ਬਹੁਤ ਸਾਰੀਆਂ ਕਵਿਤਾਵਾਂ ਹਨ। ਸਿਮਬਰਨ ਕੋਲ਼ ਅਜੇ ਕੋਈ ਵਿਚਾਰਧਾਰਕ ਪ੍ਰਤੀਬੱਧਤਾ ਨਹੀਂ ਹੈ। ਪਰ ਰੱਬ ਨੇ, ਕੁਦਰਤ ਨੇ, ਕਵਿਤਾ ਨੇ ਜਿੰਨੇ ਕੁ ਵਿਚਾਰ ਉਸ ਨੂੰ ਬਖ਼ਸ਼ੇ ਹਨ, ਜਟਿਲ ਸਮਾਜ ਦੇ ਅਮਾਨਵੀ ਵਰਤਾਰੇ ਨੇ ਜਿਹੜੀਆਂ ਸੋਚਾਂ ਉਸ ਦੀ ਝੋਲੀ ਪਾਈਆਂ ਹਨ, ਉਸ ਨੂੰ ਕਾਵਿਕ ਆਕਾਰ ਦੇਣ ਵਿਚ ਉਹ ਕਾਮਯਾਬ ਹੋਈ ਹੈ। ਉਹ ਕਵਿਤਾ ਨਿਰੰਤਰ ਪੜ੍ਹ ਰਹੀ ਹੈ ਅਤੇ ਪੜ੍ਹਦਿਆਂ ਨਿਰੰਤਰ ਕਵਿਤਾ ਉਸ ਦੇ ਸ਼ਬਦਾਂ 'ਚ ਢਲ਼ ਰਹੀ ਹੈ। ਮੈਨੂੰ ਮਾਣ ਹੈ ਕਿ ਇਹ ਕਵਿਤਾ ਮੇਰੇ ਪਿੰਡ ਦੀ ਮਿੱਟੀ ਵਿਚੋਂ ਜਨਮੀ ਹੈ। ਪਰ ਇਹ ਮੇਰੇ ਪਿੰਡ ਦੀ ਕਵਿਤਾ ਨਹੀਂ ਹੈ। ਪਿੰਡ ਕਈ ਪੀੜ੍ਹੀਆਂ ਪਿਛਾਂਹ ਰਹਿ ਗਿਆ ਹੈ। ਇਹ ਕਵਿਤਾ ਆਕਾਰ ਲੈ ਰਹੀ ਪੀੜ੍ਹੀ ਦੀ ਗੱਲ ਕਰਦੀ ਹੈ। ਇਹ ਕਵਿਤਾ ਵਲਗਣਾ ਤੋਂ ਬਾਹਰ ਵਿਚਰ ਰਹੀ ਔਰਤ ਦੇ ਭਾਵ ਹਨ। ਆਮ ਬੋਲ-ਚਾਲ ਦੀ ਭਾਸ਼ਾ 'ਚ ਰਚੀ ਇਹ ਅੱਜ ਦੀ ਕਵਿਤਾ ਹੈ। ਇਸ ਕਵਿਤਾ ਨੇ ਅਜੇ ਪਹਿਲਾ ਕਦਮ ਪੁੱਟਿਆ ਹੈ। ਇਸ ਕਵਿਤਾ ਨੇ ਰਾਹ ਸਿਰਜਣੇ ਹਨ, ਪੈਂਡੇ ਗਾਹੁਣੇ ਹਨ। ਮੈਨੂੰ ਇਸ ਕਵਿਤਾ 'ਤੇ ਮਾਣ ਹੈ। ਇਸ ਪਲੇਠੇ ਕਾਵਿ-ਸੰਗ੍ਰਹਿ ਲਈ ਸਿਮਬਰਨ ਕੌਰ ਸਾਬਰੀ ਨੂੰ ਬਹੁਤ ਬਹੁਤ ਮੁਬਾਰਕਾਂ!

**– ਮਲਵਿੰਦਰ**

9779591244

# ਸਵਾਗਤ

ਸਿਮਬਰਨ ਕੌਰ ਸਾਬਰੀ ਪੰਜਾਬੀ ਸ਼ਾਇਰੀ ਦੀ ਉਹ ਸੱਜਰੀ ਪੈੜ ਹੈ ਜੋ ਕਵਿਤਾ ਨੂੰ ਸਰੋਵਰ ਦੇ ਕੰਢੇ ਤੱਕ ਲੈ ਜਾਂਦੀ ਹੈ। ਉਸਦੀ ਕਵਿਤਾ ਸ਼ਬਦ ਗੁਰੂ ਦੀ ਧਰਤੀ ਉੱਪਰ ਤੁਰਦੀ ਹੈ। ਉਹ ਆਪ ਕਵਿਤਾ ਕੋਲ ਨਹੀਂ ਜਾਂਦੀ ਕਵਿਤਾ ਚੱਲ ਕੇ ਉਸ ਕੋਲ ਆਉਂਦੀ ਹੈ। ਉਸਦੀ ਸ਼ਾਇਰੀ ਦੇ ਵਿਹੜੇ ਵਿੱਚ ਗੁਰੂ, ਪੀਰ, ਫਕੀਰ, ਜੋਗੀ ਤੇ ਇਸ਼ਕ ਵਿੱਚ ਡੁੱਬੇ ਲੋਕ ਤੁਰੇ ਫਿਰਦੇ ਹਨ। ਉਹ ਉਸ ਧਰਾਤਲ 'ਤੇ ਖੜ੍ਹ ਕੇ ਸਿਰਜਣਾ ਕਰਦੀ ਹੈ ਜਿੱਥੇ ਭਾਸ਼ਾ ਨੂੰ ਬਰਫ ਪੈਂਦੀ ਹੈ। ਪਰ ਉਸਦੇ ਸ਼ਬਦਾਂ ਵਿੱਚ ਮੁਹੱਬਤ ਦੀ ਗਰਮਾਹਟ ਹੈ। ਉਹ ਰਿਸ਼ਤਿਆਂ ਦਾ ਅੰਦਰਲਾ ਪਾਸਾ ਬੁਣਨ ਵਾਲੀ ਸੂਖਮ ਬੁਣਤੀਕਾਰ ਹੈ। ਵੱਡੇ ਸਾਹਿਬ ਦੀ ਹਜ਼ੂਰੀ ਵਿੱਚ ਆਪਣਾ ਸੀਸ ਰੱਖ ਕੇ ਮੱਥਾ ਟੇਕਣ ਵਾਲੀ ਇਹ ਰਚਨਾਕਾਰ ਉਦਾਸ ਪੈਰਾਂ ਹੇਠ ਛੁਪੀ ਮੁਸਕਰਾਹਟ ਨੂੰ ਵੇਖਣ ਵਾਲੀ ਨਜ਼ਰ ਤੇ ਨਜ਼ਰੀਆ ਰੱਖਦੀ ਹੈ। ਔਨ ਲਾਈਨ ਸੰਸਾਰ ਵਿੱਚ ਵੀ ਉਸਦੀ ਕਵਿਤਾ ਦੀ ਸਰਦਲ 'ਤੇ ਡਾਕੀਏ ਦਾ ਰਾਹ ਤੱਕਦੀ ਉਡੀਕ ਬੈਠੀ ਹੈ। ਉਸਦੀ ਸ਼ਾਇਰੀ ਦਾ ਪਾਠ ਕਰਨਾ ਬਾਰਿਸ਼ ਵਿੱਚ ਭਿੱਜ ਰਹੀ ਖੂਬਸੂਰਤ ਔਰਤ ਦੇ ਵਾਲਾਂ 'ਚੋਂ ਡਿੱਗਦੇ ਪਾਣੀ ਦੇ ਕਤਰਿਆਂ ਵੱਲ ਵੇਖਣ ਵਰਗਾ ਅਹਿਸਾਸ ਦਿੰਦਾ ਹੈ। ਸਮਕਾਲੀ ਸਮਾਜ ਵਿੱਚ ਰਹਿੰਦਿਆਂ ਰੂਹ ਅਤੇ ਦੇਹ ਦੇ ਰਿਸ਼ਤਿਆਂ ਨੂੰ ਰੂਹਾਨੀਅਤ ਦੀ ਪਿੱਠ-ਭੂਮੀ ਵਿੱਚ ਰੱਖ ਕੇ ਚਿਤਰਨਾ ਸਾਬਰੀ-ਕਾਵਿ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਹੈ। ਆਪਣੇ ਆਪ ਨੂੰ ਮਿਲ ਲੈਣ ਵਰਗਾ ਅਹਿਸਾਸ ਦੇਣ ਦੀ ਸਮਰੱਥਾ ਰੱਖਦੀ ਇਸ ਕਾਵਿ-ਪੁਸਤਕ ਦਾ ਸਵਾਗਤ ਕਰਦਾ ਹੋਇਆ ਮੈਂ ਬੇਪਨਾਹ ਫਖਰ ਮਹਿਸੂਸ ਕਰਦਾ ਹਾਂ.....!

**- ਜਸਵੀਰ ਰਾਣਾ**

# ਭੂਮਿਕਾ

ਸਿਮਬਰਨ ਕੌਰ ਸਾਬਰੀ ਪੰਜਾਬੀ ਕਵਿਤਾ ਜਗਤ ਦੀ ਨਵੀਂ ਕਲਮ ਹੈ ਜੋ ਬਹੁਤ ਤੇਜ਼ੀ ਨਾਲ਼ ਆਪਣੀ ਲਿਖਤ ਨੂੰ ਪਕੇਰਾ ਕਰ ਰਹੀ ਹੈ। ਗੁਰਬਾਣੀ ਤੇ ਨਾਮ ਸਿਮਰਨ ਨਾਲ਼ ਜੁੜੇ ਹੋਣ ਕਾਰਨ ਉਸਦੀ ਕਵਿਤਾ ਵਿਚ ਅਧਿਆਤਮਿਕਤਾ ਦਾ ਪ੍ਰਭਾਵ ਪ੍ਰਬਲ ਹੈ। ਨਾਮ ਸਿਮਰਨ, ਪ੍ਰਮਾਤਮਾ ਦੀ ਉਸਤਤਿ, ਪ੍ਰਭੂ ਦੇ ਚਰਨਾਂ ਵਿਚ ਲੀਨ ਹੋਣ ਦੀ ਭਾਵਨਾ ਉਸਦੀ ਕਵਿਤਾ ਦੇ ਅਹਿਮ ਵਿਸ਼ੇ ਹਨ।

ਗੁਰੂ ਰਾਮਦਾਸ ਜੀ ਦੁਆਰਾ ਵਸਾਏ ਨਗਰ ਨਾਲ਼ ਉਸਦੀ ਕੋਈ ਵਿਸ਼ੇਸ਼ ਰੂਹਾਨੀ ਸਾਂਝ ਪ੍ਰਤੀਤ ਹੁੰਦੀ ਹੈ, ਇਸ ਦਾ ਅਨੁਮਾਨ ਉਸਦੀਆਂ ਰਚਨਾਵਾਂ ਵਿਚ ਲਗਾਇਆ ਜਾ ਸਕਦਾ ਹੈ। ਆਪਣੀਆਂ ਕਵਿਤਾਵਾਂ ਵਿਚ ਉਹ ਜਿਹੜੇ ਰੂਹਾਨੀ ਭਾਵਾਂ ਦੀ ਪੇਸ਼ਕਾਰੀ ਕਰਦੀ ਹੈ ਇਹ ਕਿਸੇ ਵਿਸ਼ੇਸ਼ ਅਨੁਭਵ ਤੋਂ ਬਿਨਾਂ ਮੁਮਕਿਨ ਹੀ ਨਹੀਂ ਹੈ। ਮੈਂ ਪਹਿਲਾਂ ਵੀ ਕਹਿ ਚੁੱਕਾਂ ਹਾਂ ਕਿ ਸਿਮਬਰਨ ਨਾਮ ਸਿਮਰਨ ਨਾਲ਼ ਜੁੜੀ ਹੋਈ ਅਤੇ ਇਹ ਨਾਮ ਸਿਮਰਨ ਦੀ ਹੀ ਸ਼ਕਤੀ ਹੈ ਕਿ ਉਹ ਅਜਿਹੇ ਅਨੁਭਵਾਂ ਨੂੰ ਮਹਿਸੂਸ ਕਰ ਪਾ ਰਹੀ ਹੈ ਜੋ ਹਰ ਇੱਕ ਇਨਸਾਨ ਦੇ ਲਈ ਸੰਭਵ ਨਹੀਂ।

ਸਿਮਬਰਨ ਦੀ ਕਲਮ ਹਰ ਸਮੇਂ ਅਰਦਾਸ ਕਰਦੀ ਪ੍ਰਤੀਤ ਹੁੰਦੀ ਹੈ ਕਿ ਉਸਦੇ ਅੰਦਰ ਹਰ ਵੇਲ਼ੇ ਪ੍ਰਮਾਤਮਾ ਦੇ ਨਾਮ ਦਾ ਰਾਗ ਗੂੰਜਦਾ ਰਹੇ। ਇਹ ਭਾਵਨਾ ਉਸਦੇ ਅੰਦਰ ਗੁਰਬਾਣੀ ਪੜ੍ਹਨ ਸਦਕਾ ਜਾਂ ਗੁਰੂ ਦੇ ਚਰਨਾ ਨਾਲ਼ ਜੁੜਨ ਸਦਕਾ ਉਪਜੀ ਪ੍ਰਤੀਤ ਹੁੰਦੀ ਹੈ। ਅਸਲ ਵਿਚ ਇਹ ਕਵਿਤਾ ਉਸ ਅਵਸਥਾ ਦੀ ਉਪਜ ਹੈ ਜਿੱਥੇ ਇਨਸਾਨ ਪੂਰਨ ਰੂਪ ਵਿਚ ਗੁਰੂ ਅੱਗੇ ਸਮਰਪਿਤ ਹੋ ਕਿ ਤੂੰ ਹੀ ਤੂੰ ਦੀ ਸਥਿਤੀ ਵਿਚ ਪਹੁੰਚ ਜਾਂਦਾ ਹੈ।

ਕਵਿਤਾ ਅਸਲ ਵਿਚ ਸਾਡੇ ਮਨ ਵਿਚ ਪੈਦਾ ਹੋਣ ਵਾਲ਼ੀਆਂ ਭਾਵਨਾਵਾਂ ਜਾਂ ਅਹਿਸਾਸਾਂ ਦੀ ਸੁੱਚੀ ਪੇਸ਼ਕਾਰੀ ਹੁੰਦੀ ਹੈ। ਇੱਕ ਕਵੀ ਜਾਂ ਸਾਹਿਤਕਾਰ ਆਪਣੇ ਆਲ਼ੇ-ਦੁਆਲ਼ੇ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਜਿਸ ਨਜ਼ਰੀਏ

ਨਾਲ਼ ਵੇਖਦਾ ਹੈ ਉਸਨੂੰ ਕਲਪਨਾ ਦੀ ਪੁੱਠ ਚਾੜ੍ਹ ਕੇ ਨਵੇਂ ਰੰਗ ਵਿਚ ਜਾਂ ਆਪਣੇ ਰੰਗ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ। ਸਿਮਬਰਨ ਨੂੰ ਮੈਂ ਜਿੰਨਾ ਕੁ ਜਾਣਦਾ ਹਾਂ ਉਸ ਤੋਂ ਇਹ ਕਹਿ ਸਕਦਾ ਹਾਂ ਕਿ ਉਸਦੀਆਂ ਕਵਿਤਾਵਾਂ ਵਿਚ ਪੇਸ਼ ਭਾਵਨਾਵਾਂ ਉਸਦੇ ਸੱਚੇ ਅਨੁਭਵ ਦੀ ਉਪਜ ਹਨ। ਉਸਦੀ ਇਹ ਅਵਸਥਾ ਸਮਝਣ ਲਈ ਉਸ ਵਰਗਾ ਹੋ ਕੇ ਸੋਚਣਾ ਪੈਂਦਾ ਹੈ।

ਉਸਦਾ ਲਿਖਣ ਢੰਗ ਸਰਲ ਹੈ ਸਹਿਜੇ ਸਮਝ ਪੈਣ ਵਾਲ਼ਾ ਹੈ ਪਰ ਸ਼ਬਦਾਵਲੀ ਕੁਝ ਕੁ ਔਖੀ ਹੈ ਜੋ ਕਿ ਨਵੇਂ ਪਾਠਕਾਂ ਨੂੰ ਕੁਝ ਜ਼ਿਆਦਾ ਸੋਚਣ ਲਈ ਮਜਬੂਰ ਕਰੇਗੀ। ਸ਼ਬਦਾਵਲੀ ਵੀ ਬਹੁਤੀ ਔਖੀ ਨਹੀਂ ਜੋ ਪਾਠਕ ਗੁਰਬਾਣੀ ਤੋਂ ਵਾਕਿਫ਼ ਹਨ ਉਹਨਾਂ ਨੂੰ ਤਾਂ ਸਹਿਜੇ ਸਮਝ ਆਉਣ ਵਾਲ਼ੀ ਹੈ ਬਾਕੀ ਪਾਠਕਾਂ ਨੂੰ ਕਿਤੇ ਕਿਤੇ ਥੋੜ੍ਹੀ ਔਖ ਮਹਿਸੂਸ ਸਕਦੀ ਹੈ। ਕੁੱਲ ਮਿਲਾ ਕੇ ਇਸ ਪੱਖ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿਮਬਰਨ ਦੀ ਸ਼ਾਇਰੀ ਹਰ ਵਰਗ, ਹਰ ਪਾਠਕ ਲਈ ਹੈ ਨਵਿਆਂ ਨੂੰ ਕੁਝ ਨਵਾਂ ਸਿੱਖਣ ਅਤੇ ਸਿੱਖਿਆਂ ਨੂੰ ਇਸ ਵਿਚੋਂ ਅਹਿਸਾਸਾਂ ਨੂੰ ਅਨੁਭਵ ਕਰਨ ਦਾ ਮੌਕਾ ਹੈ।

**– ਪ੍ਰੋ. ਜਗਮੀਤ ਸਿੰਘ ਸੋਹਬਤ**

ਮੋ : 95013-34135

# ਵੱਡੇ ਸਾਹਿਬ ਦੀ ਵਡਿਆਈ

ਇਹ ਮੇਰੀ ਰਚਨਾ ਕਾਵਿ - ਸੰਗ੍ਰਹਿ ਪੁਸਤਕ " ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ " ਪੂਰੇ ਗੁਰੂ , ਸੱਚੇ ਪਰਮਾਤਮਾ ਦੇ ਜਿਕਰ ਦੀ ਉਹ ਪਿਆਲੀ ਹੈ ਜਿਸਨੂੰ ਮੇਰੇ ਵਰਗਾ ਕੋਈ ਅਣਜਾਣ ਜੀਵ , ਆਪਣੇ ਰਸਤੇ , ਅਸਲ ਮਨੋਰਥ ਨੂੰ ਭੁੱਲ ਕੇ ਸੰਸਾਰ ਵਿੱਚ ਕਰਮ ਨਾਲ਼ ਬੱਝ ਚੁੱਕਾ ਹੈ । ਇਹਨਾਂ ਪੰਨਿਆਂ ਉੱਤੇ ਲਿਖੀ ਨਿਰੰਕਾਰ ਦੀ ਉਸਤਤ ਦੇ ਘੁੱਟ ਪੀ ਸਕਦਾ ਹੈ ਅਤੇ ਆਪਣੇ ਅਸਲ ਨਿਸ਼ਾਨੇ ਤੱਕ ਪੁੱਜ ਸਕਦਾ ਹੈ । ਇਹ ਕਵਿਤਾਵਾਂ ਹਿਰਦੇ 'ਤੇ ਅਸਰ ਕਰਨ ਤੇ ਕਾਇਆ ਦੀ ਖੋਜ ਦਾ, ਸੰਗਤ ਵਿੱਚ ਆਉਣ ਦਾ , ਪਰਮਾਤਮਾ ਦੇ ਮਿਲਾਪ ਦਾ ਅਸਲ ਰਾਹ ਲੱਭ ਸਕਣ । ਅਸੀਂ ਦਰਗਾਹ ਵਿੱਚ ਸ਼ਾਬਾਸ਼ ਹਾਸਿਲ ਕਰੀਏ ਮਾਣ ਵਾਲੇ ਹੋਈਏ । ਇਸ ਪੁਸਤਕ ਵਿੱਚ ਸੱਚੇ ਕਰਤਾਪੁਰਖ ਦੀ ਸਿਫਤ ਸਾਲਾਹ ਦੀ ਮਹਿਮਾ ਕੀਤੀ ਗਈ ਹੈ। ਅਜੋਕੇ ਸਮੇਂ ਵਿੱਚ ਕਈ ਜੀਵ ਸੰਸਾਰ ਵਿੱਚ ਆਉਂਦੇ ਅਤੇ ਚਲੇ ਜਾਂਦੇ ਹਨ । ਆਪਣੇ ਸਵਾਸ ਵਿਅਰਥ ਗਵਾ ਕੇ ਹਾਰ ਦਾ ਸਾਹਮਣਾ ਕਰਦੇ ਹਨ । ਸਦਾ ਲਈ ਗੁਰੂ ਤੋਂ ਦੂਰ ਹੋ ਜਾਂਦੇ ਹਨ । ਗੁਰਬਾਣੀ ਗੁਰੂ ਦੀ ਮੱਤ ਦਾ ਇਸਤੇਮਾਲ ਕਰਕੇ ਅਸੀਂ ਸੰਸਾਰ ਤੋਂ ਨਿਕਲਣ ਵਾਸਤੇ ਯਤਨ ਕਰਨਾ ਤੇ ਜਿੱਤ ਹਾਸਿਲ ਕਰਨੀ ਹੈ । ਮੇਰੀਆਂ ਇਹਨਾਂ ਲਿਖਤਾਂ ਦਾ ਅਰਥ ਆਪ ਸਭਨਾ ਦੇ ਚਰਨਾਂ ਵਿੱਚ ਬੇਨਤੀ ਦਾ ਲਕਸ਼ ਹਨ ।ਆਪ ਨੇ ਪੜ੍ਹਨ- ਸੁਣਨ ਤੱਕ ਸੀਮਤ ਨਹੀਂ ਰਹਿਣਾ, ਇਸ ਟੀਚੇ ਨੂੰ ਮਿੱਥ ਕੇ ਮਨੋਰਥ ਨੂੰ ਪੂਰਾ ਕਰਦਿਆਂ ਸੱਚ ਦੇ ਰਸਤੇ ਤੇ ਚੱਲਣਾ ਹੈ । ਕਵਿਤਾ ਰਾਹੀਂ ਹਰ ਗੱਲ ਸੌਖੇ ਢੰਗ ਨਾਲ਼ ਛੇਤੀ ਸਮਝ ਲੱਗਦੀ ਹੈ । ਇਸ ਲਈ ਪਰਮਾਤਮਾ ਨੇ ਇਸ ਨਿਮਾਣੀ ਜਿਹੀ ਕਲਮ ਕੋਲੋਂ ਇਹ ਸੇਵਾ ਅੰਗ -ਸੰਗ ਹੋ ਕੇ ਲਈ ਹੈ ਤੇ ਨਿਭਾਉਣ ਦਾ ਬਲ ਬਖਸ਼ਿਆ ਹੈ । ਕਵਿਤਾ ਪੜ੍ਹਦਿਆਂ ਮਨ ਸ਼ਾਂਤ ਅਵਸਥਾ ਵਿੱਚ ਸੁਰਤ ਦੇ ਸਫ਼ਰ ਤੇ ਲੈ ਜਾਂਦਾ ਹੈ ਤਾਂ ਜੋ ਆਪਾਂ ਆਪਣੇ ਹਜ਼ੂਰ ਮਹਾਰਾਜ ਸੱਚ ਨਾਲ਼

ਸੁਰਤੀ ਵਿੱਚ ਜੁੜਕੇ ਸਫ਼ਰ ਤੈਅ ਕਰ ਸਕੀਏ । ਪੜ੍ਹਨ -ਸੁਣਨ ਅਤੇ ਅਮਲ ਕਰਨ ਨਾਲ ਪਿਆਰਾ ਸਾਨੂੰ ਹਮੇਸ਼ਾ ਨਿਵਾਜਦਾ ਰਹੇਗਾ । ਇਹ ਉਸਦੀ ਵੱਡੀ ਕਿਰਪਾ ਹੈ ਜੋ ਸਿਫ਼ਤ ਸਾਲਾਹ ਬਖਸ਼ ਰਿਹਾ ਹੈ । ਉਹ ਸਿਫ਼ਤ ਸਾਲਾਹ ਕਰਾਵੇ ਤੇ ਹੋ ਸਕਦੀ ਹੈ । ਅਸੀਂ ਉਸਦੇ ਚੁਣੇ ਹੋਏ ਹਾਂ ,ਸਾਡੇ ਪੂਰਬਲੇ ਕਰਮਾਂ ਕਰਕੇ ਸਾਡੇ ਤੇ ਉਸਨੇ ਤਰਸ ਕੀਤਾ ਹੈ । ਮਨ ਸਦਾ ਹੀ ਉਸਦਾ ਸ਼ੁਕਰ ! ਧੰਨਵਾਦ ! ਕਰਦਾ ਰਹੇਗਾ ਕਿ ਉਹ ਆਪ ਸੇਵਾ ਇਸੇ ਤਰ੍ਹਾਂ ਨਸੀਬ ਕਰਦਾ ਰਹੇ। ਜਦੋਂ ਵੀ ਕਵਿਤਾ ਉਸਦੇ ਦਰ 'ਤੇ ਕਬੂਲ ਹੁੰਦੀ, ਮਨ ਪ੍ਰਸੰਨ ਹੁੰਦਾ ਅਤੇ ਉਸਦੀ ਮਿਹਰ ਦਾ ਰੰਗ ਕਲਮ ਵਿੱਚ ਭਰਦਾ। ਕਈ ਵਾਰ ਮੈਂ 'ਕੱਲੇ ਖ਼ਾਲੀ ਕਾਗਜ਼ ਨੂੰ ਵੇਖ ਕੇ ਪ੍ਰੇਸ਼ਾਨ ਹੋਣਾ ਤੇ ਨਿਰੰਕਾਰ ਨੂੰ ਯਾਦ ਕਰਨਾ ਕੁਝ ਲਿਖਿਆ ਨਾ ਜਾਣਾ, ਉਸਨੇ ਰਹਿਮਤ ਕਰਕੇ ਆਪ ਹੀ ਕਵਿਤਾਵਾਂ ਦੇ ਬੱਦਲ ਲੈ ਆਉਣੇ ਅਤੇ ਖ਼ਾਲੀ ਸਫ਼ੇ 'ਤੇ ਵਰ੍ਹ ਜਾਣਾ । ਅੱਜ ਓਸੇ ਦੀ ਬਰਕਤ ਅਪਾਰ ਬਖਸ਼ਿਸ਼ ਨਾਲ਼ ਕਿਤਾਬ ਸਿਫ਼ਤ ਸਲਾਹ ਨਾਲ਼ ਗੂੰਜਦੀ ਹੈ । ਉਮੀਦ ਕਰਦੀਂ ਹਾਂ ਕਿ ਇਸ ਕਿਤਾਬ ਨੂੰ ਪੜ੍ਹਕੇ ਮਨ ਆਨੰਦ ਨਾਲ਼ ਭਰੇਗਾ, ਹਰਿ ਰੰਗ ਵਿੱਚ ਰੰਗਿਆ ਜਾਵੇਗਾ। ਹਰ ਕਵਿਤਾ ਪਾਠਕ ਦੇ ਹਿਰਦੇ ਕਬੂਲ ਹੋਵੇਗੀ ।

ਵੱਡੇ ਸਾਹਿਬ ਨੇ ਵੱਡੀ ਕਿਰਪਾ ਕਰਕੇ ਵੱਡੀ ਸੇਵਾ ਬਖਸ਼ੀ ਅਤੇ ਵੱਡੇ ਭਾਗ ਕਰ ਦਿੱਤੇ ਹਨ । ਆਓ ਵੱਡੇ ਭਾਗਾਂ ਵਾਲੇ ਹੋਈਏ !

**– ਸਿਮਬਰਨ ਕੌਰ ਸਾਬਰੀ**

## ਧੰਨ ਭਾਗ

ਸਾਵਣ ਆਇਆ ਸੁਣ ਸਖੀ
ਸੁਣ ਮਨ ਦੇ ਤੂੰ ਭਾਵ
ਪ੍ਰੀਤ ਜਿੰਨਾ ਸੰਗ ਮਿਲ ਬੈਠੀ
ਧੰਨ ਉਹਨਾਂ ਦੇ ਭਾਗ

ਪ੍ਰਭਾਤੀ ਉੱਠ ਸ਼ਿੰਗਾਰ ਲਿਆ
ਆਪਣਾ ਆਪ ਸਵਾਰ ਲਿਆ
ਨਾਮ ਪੀਆ ਦਾ ਮੁੱਖ 'ਚੋਂ ਨਿਕਲੇ
ਜਿਉਂ ਤੜਕੇ ਦਾ ਰਾਗ
ਪ੍ਰੀਤ ਜਿੰਨਾ ਸੰਗ ਮਿਲ ਬੈਠੀ
ਧੰਨ ਉਹਨਾਂ ਦੇ ਭਾਗ

ਉਸਨੂੰ ਨਹੀਂ ਕੁਝ ਹੋਰ ਥਿਉਂਦਾ
ਮਨ ਜਦ ਦਰ ਤੇ ਆਣ ਖਲੋਂਦਾ
ਹਰੀ ਬਿਣ ਨਹੀਂ ਰਹਿ ਸਕਦਾ
ਜਿੰਨੂ ਲੱਗ ਜਾਏ ਐਸੀ ਲਾਗ
ਪ੍ਰੀਤ ਜਿੰਨਾ ਸੰਗ ਮਿਲ ਬੈਠੀ
ਧੰਨ ਉਹਨਾਂ ਦੇ ਭਾਗ

ਚਿੜੀਆਂ ਚਹਿਕਣ ਪੰਛੀ ਗਾਵਣ
ਖਿੜ ਉੱਠੇ ਮੇਰੇ ਮਨ ਵਿੱਚ ਸਾਵਣ
ਵਰਖਾ ਦੀ ਇੱਕ ਵਾਛੜ ਆਵੇ

ਧੋ ਜਾਵੇ ਸੱਭੇ ਦਾਗ਼
ਪ੍ਰੀਤ ਜਿੰਨਾ ਸੰਗ ਮਿਲ ਬੈਠੀ
ਧੰਨ ਉਹਨਾਂ ਦੇ ਭਾਗ

ਚਾਰ ਚੁਫ਼ੇਰੇ ਸੋਹਣੀ ਕੁਦਰਤ
ਪੂਰੇ ਰੌਂਅ ਵਿੱਚ ਆਈ
ਉਸ ਰਹਿਬਰ ਦੇ ਸਦਕੇ ਜਾਵਾਂ
ਜਿਸ ਸਾਵਣ ਬਣਤ ਬਣਾਈ
ਐਸੀ ਬਖਸ਼ੀ ਕਵਿਤਾ ਪਿਆਰੇ
ਦਿਲ ਹੋਇਆ ਬਾਗੋ ਬਾਗ
ਪ੍ਰੀਤ ਜਿੰਨਾ ਸੰਗ ਮਿਲ ਬੈਠੀ
ਧੰਨ ਉਹਨਾਂ ਦੇ ਭਾਗ
*****

## ਤੇਰੇ ਵਰਤਾਰੇ

ਫੁੱਲ ਤਿੱਤਲੀ ਤੇ ਅੰਬਰ ਤਾਰੇ ਸੋਹਣੇ ਨੇ
ਤੇਰੇ ਜੋ ਵੀ ਨੇ ਵਰਤਾਰੇ ਸੋਹਣੇ ਨੇ

ਸੋਹਣੇ ਮੰਦਰ ਮਸਜ਼ਿਦ ਗਿਰਜਾ ਸਾਰੇ ਹੀ
ਹਰ ਥਾਂ ਉੱਤੇ ਗੁਰਦੁਆਰੇ ਸੋਹਣੇ ਨੇ

ਜਾਤ ਪਾਤ ਦਾ ਭੇਦ ਮਿਟਾਇਆ ਦਾਤਾ ਜੋ
ਚਾਰੇ ਚੁਫ਼ੇਰੇ ਲੱਗਦੇ ਸਾਰੇ ਸੋਹਣੇ ਨੇ

ਹਰ ਮੰਦਰ ਦੇ ਦਰਸ਼ਨ ਕਰਨੇ ਆਏ ਸਾਂ
ਅੱਖਾਂ ਵੇਖੇ ਜੋ ਨਜ਼ਾਰੇ ਸੋਹਣੇ ਨੇ

ਬ੍ਰਹਮਣ ਕਸ਼ਤਰੀ ਸ਼ੂਦਰ ਵੈਸ਼ ਵੱਖਰੇ ਨਹੀਂ
ਤੇਰੇ ਬੱਚੇ ਨੇ ਤੇ ਚਾਰੇ ਸੋਹਣੇ ਨੇ

*****

## ਹਾਜ਼ਰੀ

ਨਿਰੰਕਾਰ ਨੇ
ਕਿਰਪਾ ਕੀਤੀ
ਦੇਹ ਨਸੀਬ ਹੋਈ

ਕਾਲ ਦੇ ਦੇਸ਼ ਵਿੱਚ
ਵਿਚਰਦਿਆਂ
ਪਿਆਰਾ ਵਿਸਰਿਆ ਨਹੀਂ
ਹਿਰਦੇ ਬਿਰਾਜਮਾਨ ਹੈ

ਮੈਂ ਯਾਦ ਕੀਤਾ
ਉਹ ਕਵਿਤਾ ਵਿੱਚ ਹਾਜ਼ਰ ਹੋਏ
ਪਲਕਾਂ ਵਿਛਾ ਕੇ
ਅੱਗੇ ਅਰਦਾਸ ਕੀਤੀ
ਕਿ ਇਹ ਜਨਮ
ਗੁਲਾਬੀ ਫੁੱਲਾਂ ਦਾ ਗੁਲਦਸਤਾ ਹੈ

ਪਾਤਸ਼ਾਹ ਨਦਰਿ ਕਰੋ
ਗੁਲਦਸਤਾ ਲੈ ਕੇ
ਤੁਹਾਡੇ ਚਰਨਾਂ ਵਿੱਚ
ਇੱਕ ਨਿਮਖ ਸਮੇਂ ਲਈ
ਮਨ ਬੈਠਣਾ ਚਾਹੁੰਦਾ ਹੈ

ਸਾਬਰੀ ਸਾਹਿਬ ਤੁਹਾਡੇ ਤੋਂ
ਕੁਰਬਾਨ ਹੈ
ਤੁਸੀਂ ਆਪਣਾ ਬੋਲ ਸੁਣਾਓ
ਤੇ ਦਾਤ ਬਖਸ਼ੋ
ਕਵਿਤਾ ਹੁਕਮਨਾਮੇ ਨਾਲ਼
ਸਮਾਪਤ ਹੋਵੇ
*****

## ਸੋਹਣਾ ਹਰਿਮੰਦਰ

ਸੋਹਣਾ ਹਰਿਮੰਦਰ ਹਰ ਵਾਰ ਪਿਆਰਾ ਹੋਵੇਗਾ
ਤੇ ਇੱਥੇ ਪੁੰਨ ਪਾਪ ਦਾ ਸਾਫ਼ ਨਿਤਾਰਾ ਹੋਵੇਗਾ

ਮਿਲੇਗਾ ਨਾਮ ਤੁਸਾਂ ਦਾ ਖ਼ੁਸ਼ੀਆਂ ਖੇੜੇ ਹੋਵਣਗੇ
ਤੁਸਾਂ ਦੇ ਚਰਨਾਂ ਦੇ ਵਿਚ ਪਾਰ ਉਤਾਰਾ ਹੋਵੇਗਾ

ਤੁਸਾਂ ਦੀ ਜੋਤ ਜਗੇਗੀ ਜਦ ਦੁਨੀਆਂ ਨੂੰ ਤਾਰਨ ਲਈ
ਜਗਮਗ ਰੌਸ਼ਨ ਧਰਤੀ ਅੰਬਰ ਸਾਰਾ ਹੋਵੇਗਾ

ਜਾਤ ਪਾਤ ਦਾ ਰੋਗ ਹੈ ਲੱਗਾ ਸਦੀਆਂ ਤੋਂ
ਖਿੰਡ ਫੁੰਡ ਜਾਏਗਾ ਤੇ ਤਾਰਾ ਤਾਰਾ ਹੋਵੇਗਾ

ਸਮਝੀਂ ਪੈ ਗਈ ਗੁਰਬਾਣੀ ਜਦ ਲੋਕਾਂ ਦੇ
ਤੇਰਾ ਤੇਰਾ ਤੋਲਣਗੇ ਤੇ ਖ਼ੂਬ ਗੁਜ਼ਾਰਾ ਹੋਵੇਗਾ

ਤੁਸਾਂ ਦੇ ਦਰਸ਼ਨ ਜਦ ਵੀ ਹੋ ਗਏ ਸਤਿਗੁਰ ਜੀ
ਅਨੰਦਿਤ ਹੋ ਜਾਵਾਂਗੇ ਜੀ ਖ਼ੂਬ ਨਜ਼ਾਰਾ ਹੋਵੇਗਾ
*****

## ਯਾਤਰਾ ਦੀ ਸ਼ੁਰੂਆਤ

ਜੇ ਤੂੰ ਕਹੇਂ ਤਾਂ
ਤੇਰੇ ਲਈ
ਤਾਰਿਆਂ ਦੀ ਮੁੱਠੀ
ਭਰਕੇ ਲੈ ਆਵਾਂ ?

ਤਾਰੇ ਜੋ
ਦੁਨੀਆ ਭਰ ਦੇ
ਮੋਹ ਮਾਰੇ ਲੋਕਾਂ ਦੇ
ਦਿਲਾਂ 'ਚ
ਸਦਾ ਰਹਿਣ ਟਿਮਟਿਮਾਉਂਦੇ

ਜੇ ਕਹੇਂ ਤਾਂ
ਤੇਰੇ ਮਨ ਦੀ ਧਰਤ 'ਤੇ
ਪੁੰਗਰਦੇ ਪੌਦਿਆਂ ਨੂੰ
ਕੜਕਦੀ ਧੁੱਪ ਤੋਂ
ਓਹਲਾ ਕਰਦਿਆਂ ?

ਜੇ ਕਹੇਂ ਤਾਂ
ਆਪਣਾ ਆਪਾ
ਤੇਰੇ ਪੈਰਾਂ 'ਚ ਧਰਦਿਆਂ

ਗੱਲ ਤਾਂ ਸਾਰੀ
ਤੇਰੇ ਕਹਿਣ ਨਾਲ਼
ਬਣਦੀ ਹੈ
ਅਤੇ ਤੇਰੇ ਹੀ ਕਹਿਣ ਨਾਲ਼
ਹੁੰਦੀ ਹਰ ਯਾਤਰਾ ਦੀ ਸ਼ੁਰੂਆਤ

ਮੇਰਾ ਕੀ ਏ ?
ਕੱਲ ਕੋਈ ਕਵਿਤਾ ਲਿਖੀ
ਅਤੇ ਅੱਜ ਕੋਈ !

ਜੇ ਤੂੰ ਕਹੇਂ ਤਾਂ
ਮੈਂ ਕੋਈ ਨਵੀਂ ਕਵਿਤਾ ਕਹਾਂ ?
*****

## ਧੁੱਪਾਂ ਦੇ ਸੋਹਲੇ

ਗਾਉਂਦਾ ਰਹੁ ਬਿਰਖਾਂ
ਧੁੱਪਾਂ ਦੇ ਸੋਹਲੇ
ਜਦੋਂ ਤੱਕ ਪਾਣੀ ਵਗਦੇ ਰਹਿਣਗੇ
ਕਿਨਾਰੇ ਤੇਰੇ ਅੰਦਰ ਦੀ
ਕਥਾ ਸੁਣਦੇ ਰਹਿਣਗੇ

ਤੂੰ ਸੱਧਰਾਂ ਦੇ ਪਾਣੀ ਵਿੱਚ
ਸ਼ਬਦਾਂ ਨੂੰ ਭਿਉਂ ਕੇ
ਉਮਰ ਭਰ ਸਦਾ ਥਿਰ ਰਹਿਣ
ਵਾਲੀਆਂ ਕਵਿਤਾਵਾਂ
ਰਹਿ ਲਿਖਦਾ
*****

## ਕਿਹੋ ਜਿਹੀ ਕਵਿਤਾ

ਸੁਣੋ !
ਮੈਂ ਤੁਹਾਡੀ ਲਾਗਲੀ
ਗੁਆਂਢਣ ਹਾਂ ।

ਆਪਣੇ ਦੋਹਾਂ ਦੇ ਘਰ
ਪਿਆਰ ਦੇ
ਸ਼ਹਿਰ ਵਿੱਚ
ਸ਼ਬਦਾਂ ਦੀ ਉੱਚੀ
ਬਸਤੀ ਕੋਲ
ਅੱਖਰਾਂ ਦੇ ਖੇਤਾਂ ਵਿੱਚ
ਉਸਰੇ ਹੋਏ ਹਨ

ਪਰ ਮੈਂ
ਜਦ ਵੀ ਤੁਹਾਡੇ ਘਰ
ਆਉਂਦੀ ਹਾਂ
ਤੁਸੀਂ ਘਰ ਨਹੀਂ ਹੁੰਦੇ

ਸ਼ਬਦਾਂ ਦੀ ਚਾਬੀ ਨਾਲ
ਘਰ ਨੂੰ ਜ਼ਿੰਦਾ ਲਗਾ ਕੇ
ਤੁਸੀਂ ਪਿਆਰ ਦੇ ਸ਼ਹਿਰ
ਵੱਲ ਨੂੰ ਗਏ ਹੁੰਦੇ ਹੋ !

ਮੈਂ ਆਪਣੇ ਘਰ
ਵਾਪਸ ਪਰਤ ਆਉਂਦੀ ਹਾਂ

ਇਕ ਉਡੀਕ ਨਾਲ਼ ਲੈ ਕੇ
ਕਿ ਇਸ ਵਾਰ
ਤੁਸੀਂ ਸ਼ਹਿਰ ਤੋਂ ਮੁੜੋਗੇ
ਤਾਂ ਮੇਰੇ
ਦਿਲ ਦੇ ਸਫ਼ਿਆ 'ਤੇ
ਉਕਰਨ ਲਈ
ਕਿਹੋ ਜਿਹੀ ਕਵਿਤਾ
ਲੈ ਕੇ ਆਓਗੇ !
*****

## ਤੇਰੀ ਮਰਜ਼ੀ

ਮੈਂ ਮੁਹੱਬਤ ਦੇ
ਬੂਟੇ ਤੇ ਲੱਗਾ
ਇੱਕ ਫੁੱਲ ਤੋੜਿਆ ਹੈ

ਤੇ ਆਣ
ਤੇਰੇ ਦਿਲ ਦੇ
ਦੁਆਰ ਤੇ ਰੱਖ ਦਿੱਤਾ

ਤੇਰੀ ਮਰਜ਼ੀ
ਫੁੱਲ ਨੂੰ ਮੁਹੱਬਤ ਕਰਨੀ
ਦੁਆਰ ਨੂੰ ਕਿ
ਬੂਟੇ ਨੂੰ !
ਜਾਂ ਫਿਰ ਮੈਨੂੰ ?

*****

## ਪਰਿਕਰਮਾ

ਮੈਂ ਤੇਰੇ ਸਰੂਪ ਦੇ
ਆਲੇ ਦੁਆਲ਼ੇ
ਪਰਿਕਰਮਾ ਕੀਤੀ

ਜਿੱਥੇ ਕੋਈ ਭਰਮ ਨਹੀਂ
ਵੈਰ ਨਹੀਂ
ਦੁਬਿਧਾ ਨਹੀਂ
ਦੁੱਖ ਨਹੀਂ
ਵਿਚਾਰ ਨਹੀਂ
ਔਖ ਨਹੀਂ
ਚਿੰਤਾ ਨਹੀਂ
ਡਰ ਨਹੀਂ

ਉਹ ਦਾਇਰਾ
ਜਿੱਥੇ ਮੈਂ ਵੀ ਨਹੀਂ

ਅਸੀਂ ਹੋ ਜਾਂਦੇ ਹਾਂ
ਇੱਕ ਜੋਤ
ਇੱਕ ਸਰੂਪ
ਇੱਕ ਨਿਰੰਕਾਰ ਦੇ
ਗੁਆਂਢੀ

ਫਿਰ
ਆਉਣਾ ਜਾਣਾ ਬਣਿਆ
ਉਸਦੇ ਹੁਕਮ ਨੂੰ ਮੰਨਿਆ
ਸਿਫ਼ਤ ਸਲਾਹ ਦੀ
ਪੌੜੀ ਚੜੀ
ਉਸਤਤਿ ਕਰਦਿਆਂ ਉੱਤਰੀ

ਤੇ ਪਾਤਸ਼ਾਹ ਨੇ ਅਸੀਸ ਦਿੱਤੀ
ਅਸੀਂ ਇੱਕ ਦੂਸਰੇ ਦੇ ਹੋਏ
ਸਿਰੋਪਾਓ ਗਲਾਂ ਵਿੱਚ ਪਾਏ
ਸੰਸਾਰ ਨੇ ਸਾਡੀ
ਤਸਵੀਰ ਖਿੱਚੀ
ਅਸੀਂ ਪਹੁੰਚ ਗਏ ਸਹਾਈ ਹੋਏ
ਸਿਜਦੇ ਕੀਤੇ
ਸਲਾਹੇ ਗਏ
*****

## ਸਰੋਵਰ ਕੰਢੇ

ਸਰੋਵਰ ਦੇ ਕੰਢੇ ਤੇ
ਬੈਠਾ ਮਨ
ਪਹਿਲੀ ਪੌੜੀ ਉੱਤਰ ਰਿਹਾ

ਮੇਰੇ ਅੰਦਰੋਂ
ਸਾਰੇ ਸੰਸੇ ਦੂਰ ਹੋ ਗਏ
ਮੇਰਾ ਧਿਆਨ ਉਸਦੇ ਵੱਲ
ਖਿੱਚਿਆ ਗਿਆ

ਮੈਂ ਵੱਡੇ ਸਾਹਿਬ
ਗਰੀਬ ਨਿਵਾਜ ਨੂੰ
ਨਮਸਕਾਰ ਕੀਤਾ ਤੇ
ਠੰਡੇ ਜਲ ਦੇ ਛਿੱਟੇ
ਸਿਰ ਤੋਂ ਪਿਛਾਂਹ ਵੱਲ ਮਾਰੇ

ਸੁਰਤ ਸੋ ਦਰ ਵਿੱਚ
ਜੁੜਦੀ ਗਈ
ਮਨ ਮੋਹਿਆ ਗਿਆ

ਕਵਿਤਾ ਨੂੰ ਸਰੋਵਰ ਕੰਢੇ
ਲੈ ਜਾਣਾ ਸਾਬਰੀ
ਵੱਡੇ ਸਾਹਿਬ ਦੀ
ਵਡਿਆਈ ਹੈ

*****

## ਮੇਰੇ ਚਾਅ

ਖੁੱਲੀਆਂ ਜ਼ੁਲਫ਼ਾਂ ਮੱਥੇ ਟਿੱਕੇ ,
ਸਭ ਰੰਗ ਤੈਥੋਂ ਲੱਗਣ ਫਿੱਕੇ।

ਕਰ ਦਿੱਤੇ ਨੇ ਤੇਰੇ ਸਾਹਵੇਂ ,
ਮੇਰੇ ਚਾਅ ਜੋ ਨਿੱਕੇ ਨਿੱਕੇ।

ਬਸ ਤੇਰਾ ਹੈ ਸਾਥ ਲੋੜੀਂਦਾ ,
ਮੈਂ ਨਾ ਲੋਚਾਂ ਮੋਹਰਾਂ ਸਿੱਕੇ।

ਭੋਰਾ ਵੀ ਫ਼ਰਕ ਨਹੀਂ ਹੈ,
ਆਪਾਂ ਦੋਵੇਂ ਇੱਕੋ ਮਿੱਕੇ ।

ਹਾੜਾ ਸਾਡੇ ਪਿਆਰਾਂ ਵਾਲ਼ੇ ,
ਰੰਗ ਕਦੇ ਨਾ ਹੋਵਣ ਫਿੱਕੇ ।

*****

# ਤੇਰੀ ਕਵਿਤਾ ਨੇ

ਜਦੋਂ ਬੂਹਾ ਖੜਕਾਇਆ ਤੇਰੀ ਕਵਿਤਾ ਨੇ
ਮਨ ਦਾ ਬੋਧ ਕਰਾਇਆ ਤੇਰੀ ਕਵਿਤਾ ਨੇ

ਪਿਆਰ , ਮੁਹੱਬਤ ਹਰ ਰੰਗ ਤੇਰੀ ਕਵਿਤਾ ਦਾ
ਕੀ ਕੀ ਯਾਰ ਸਿਖਾਇਆ ਤੇਰੀ ਕਵਿਤਾ ਨੇ

ਜਦ ਵੀ ਮੈਨੂੰ ਖਿਆਲ ਤੇਰਾ ਛੱਡ ਜਾਂਦਾ ਏ
ਕੀਤਾ ਨਾਲ਼ ਪਰਾਇਆ ਤੇਰੀ ਕਵਿਤਾ ਨੇ

ਮੈਂ ਹੁਣ ਮੋਹ ਦੇ ਬਦਲੇ ਮੋਹ ਵੀ ਮੰਗਦੀ ਨਾ
ਸਬਰ ਸੰਤੋਖ ਸਿਖਾਇਆ ਤੇਰੀ ਕਵਿਤਾ ਨੇ

ਅੱਜ ਜਦ ਬੈਠ ਇਕੱਲੇ ਵਰਕੇ ਫੋਲੇ ਤਾਂ
ਡਾਹਢਾ ਯਾਰ ਰਵਾਇਆ ਤੇਰੀ ਕਵਿਤਾ ਨੇ
*****

# ਜਿੱਥੇ ਭਾਸ਼ਾ ਨੂੰ ਬਰਫ਼ ਪੈਂਦੀ ਹੈ

ਮੈਨੂੰ ਉਸ ਸੁਨੇਹਾ ਭੇਜਿਆ
ਮੇਰੀ ਡਿਊਟੀ ਬੜੀ ਦੂਰ ਤੀਕ
ਲੱਗੀ ਹੋਈ ਹੈ !

ਕਾਹਲੀ ਵਿੱਚ ਕਵਿਤਾ ਰਾਹੀਂ
ਸਾਰਾ ਸਿਲਸਿਲਾ ਬਿਆਂ
ਕਰ ਰਿਹਾ ਹਾਂ !

ਓਥੇ ਜਿੱਥੇ ਭਾਸ਼ਾ ਨੂੰ
ਬਰਫ਼ ਪੈਂਦੀ ਹੈ ,
ਤੇਰੇ ਨਾਂ ਦੇ ਅੱਖਰਾਂ ਦੀ
ਲੜਾਈ ਲੱਗੀ ਹੋਈ ਹੈ

ਏਥੋਂ ਨਿਕਲਣਾ ਬੜਾ
ਮੁਸ਼ਕਿਲ ਹੈ
ਹੋ ਸਕਦਾ ਹੈ ਮੈਂ ਨਾ ਵੀ ਆਵਾਂ

ਇਹ ਨਾ ਸੋਚੀਂ ਮੈਂ
ਆਉਣ ਲਈ
ਕੋਸ਼ਿਸ਼ ਨਹੀਂ ਕੀਤੀ

ਕਸਮੇ ਦਿਲ ਦੇ ਦਫ਼ਤਰ ਵਿੱਚ
ਬੈਠ ਤੇਰੇ ਕੋਲ ਆਉਣ
ਦੀ ਮੈਂ ਛੁੱਟੀ ਲਿਖੀ ਹੈ
*****

## ਗੱਲ ਕਾਹਦੀ ਏ?

ਤੇਰੇ ਹੋਣ ਦੇ ਅਰਥ
ਆਪਣੇ ਥਾਂ
ਮੇਰੇ ਹੋਣ ਦੇ ਅਰਥ
ਆਪਣੇ ਥਾਂ
ਥਾਂ ਇੱਕ ਹੈ
ਆਪਾਂ ਇੱਕ ਹਾਂ
ਗੱਲ ਇੱਕ ਹੈ
ਫਿਰ ਗੱਲ ਕਾਹਦੀ ਏ?
*****

# ਮਿਲਾਪ

ਬਾਰਿਸ਼ ਦੀਆਂ ਬੂੰਦਾਂ ਤੇ
ਬੱਦਲ ਭਾਰੇ ਲੈ ਕੇ
ਥੋੜੇ ਕੁ ਮੁੱਠੀ ਵਿੱਚ ਤਾਰੇ ਲੈ ਕੇ
ਮੈਂ ਅੰਬਰ ਦੇ ਹਾਣੀ ਨੂੰ
ਇੰਝ ਮਿਲਣ ਜਾਣਾ

ਵੇਖਣਾ ਨਾਂ ਇੱਕ ਤੇਰਾ ਲੈ ਕੇ
ਅੰਦਰ ਆਪਣੇ ਸਵੇਰਾ ਲੈ ਕੇ
ਚਾਅ ਵੀ ਨਾਲ ਬਥੇਰਾ ਲੈ ਕੇ
ਮੈਂ ਅੰਬਰ ਦੇ ਹਾਣੀ ਨੂੰ
ਇੰਝ ਮਿਲਣ ਜਾਣਾ

*****

## ਘਰ ਆਉਂਦੇ

ਉਹ ਆਖਦਾ :
ਤੇਰੇ ਘਰ ਦੇ ਕੋਲ ਦੀ
ਲੰਘਿਆ
ਏਧਰ ਓਧਰ ਵੇਖਿਆ
ਤੂੰ ਕਿੱਥੇ ਸੀ

ਮੈਂ ਆਖਿਆ :
ਘਰ ਆਉਂਦੇ ਲੰਘ ਕਿਉਂ ਗਏ
ਕੋਲ ਬੈਠਦੇ
ਕਵਿਤਾ ਬਣਦੀ
ਮੈਂ ਅੱਖਰਾਂ ਵਿੱਚ ਹੀ ਸੀ !

*****

## ਤੇਰੇ ਵਿਹੜੇ

ਉੱਠ ਵੇਖ
ਸੂਰਜ ਤੇਰੇ ਵਿਹੜੇ
ਆਇਆ

ਸਿਜਦਾ ਕਰ
ਨਵੀਂ ਸਵੇਰ
ਲਿਆਇਆ

ਕਿਰਨਾਂ ਆ ਕੇ
ਕਵਿਤਾ ਮੰਗਣ
ਕਲਾ ਨੇ ਤੈਨੂੰ
ਕਵੀ ਬਣਾਇਆ

ਤੂੰ ਹੋਵੇਂ ਮੇਰਾ ਦਿਨ
ਬਣ ਜਾਵੇ
ਕੈਸਾ ਰੱਬ ਨੇ
ਮੇਲ ਕਰਾਇਆ
*****

## ਸ਼ਬਦਾਂ ਦੀ ਲੋਹੜੀ

ਸਾਂਭ ਕਿ ਸ਼ਬਦਾਂ ਦੀ
ਲੋਹੜੀ
ਸਾਂਭ ਅਹਿਸਾਸਾਂ ਨੂੰ
ਨਾ ਸੁੱਟ
ਮੰਨ ਅਗਨੀ ਦੀ
ਚਾਹਤ ਅੱਥਰੀ
ਕਦਮ ਤਾਂ ਅਗਲਾ
ਅਗਾਂਹ ਪੁੱਟ
*****

## ਔਰਤਾਂ

ਘਰੋਂ ਕੱਲੀਆਂ ਜਾਣ ਵਾਲੀਆਂ ਔਰਤਾਂ
ਮਾੜੀਆਂ ਨਹੀਂ ਹੁੰਦੀਆਂ
ਉਹ ਰਸਤਿਆਂ ਨੂੰ ਨਿਖਾਰ ਦੀਆਂ
ਕਦਮ ਕਦਮ ਚੱਲਦੀਆਂ ਸਹਿਜੇ ਸਹਿਜੇ
ਆਪਣੇ ਰਾਹ ਤੱਕ ਵਜ਼ੂਦ ਲੱਭਦੀਆਂ
ਕੱਲੀਆਂ ਜਾਣ ਵਾਲੀਆਂ ਔਰਤਾਂ.....

ਵਾਲਾ ਵਿਚਲਾ ਤਿੱਖਾ ਚੀਰ
ਕੱਢਣ ਵਾਲੀਆਂ ਔਰਤਾਂ
ਸੰਧੂਰ ਲਈ ਜਗ੍ਹਾ ਨਹੀਂ ਬਣਾਉਂਦੀਆਂ
ਮੱਥੇ ਦੀ ਮੰਜ਼ਿਲ ਨੂੰ
ਨਤਮਸਤਕ ਹੋਣ ਦਾ ਹੁਨਰ ਰੱਖਦੀਆਂ
ਸਿੱਧੇ ਤਿੱਖੇ ਚੀਰ ਵਾਂਗ
ਤੂਫ਼ਾਨਾਂ ਨੂੰ ਜਾਂਦੀਆਂ ਚੀਰ
ਕੱਲੀਆਂ ਜਾਣ ਵਾਲੀਆਂ ਔਰਤਾਂ.....

ਦੇਹ ਦਾ ਸ਼ਿੰਗਾਰ ਕਰਨ ਵਾਲੀਆਂ
ਔਰਤਾਂ ਗਵਾਰ ਨਹੀਂ ਹੁੰਦੀਆਂ
ਉਹ ਹਰ ਚੀਜ਼ ਨੂੰ ਸ਼ਿੰਗਾਰਨ ਦਾ ਰੱਖਦੀਆਂ ਜਜ਼ਬਾ, ਜੁਅਰਤ, ਜੋਸ਼
ਔਰਤ ਇੱਕ ਕਲਾ ਹੈ
ਜੋ ਪੱਥਰਾਂ ਨੂੰ ਸ਼ਿੰਗਾਰ ਕੇ ਵੀ ਵਖਾ ਦਿੰਦੀਆਂ
ਕਈ ਤਰ੍ਹਾਂ ਦੀਆਂ ਕਲਾਕਾਰੀਆਂ ,
ਕਰਾਮਾਤ , ਕ੍ਰਿਸ਼ਮੇ , ਕੌਤਕ

ਔਰਤਾਂ ਕਦੇ ਨਹੀਂ ਬਦਲਦੀਆਂ
ਨਾ ਉਹਨਾਂ ਨੂੰ ਬਦਲਣ ਦਿੰਦਾ ਹੈ ਸਮਾਜ
ਔਰਤਾਂ ਤੱਤੇ ਸੂਰਜ ਨੂੰ
ਗਲ ਨਾਲ਼ ਲਾਉਣ ਦਾ ਜਨੂੰਨ ਰੱਖਦੀਆਂ
ਔਰਤਾਂ ਬਦਲਦੀਆਂ ਨਹੀਂ
ਕਵਿਤਾ ਵਾਂਗ ਲਿਖੀਆਂ ਜਾਂਦੀਆਂ
ਕਾਗਜਾਂ ਦੀ ਛਾਤੀ ਤੇ
ਤੁਸੀਂ ਆਪਣੀ ਸੋਚ ਦਾ ਨਵਾਂ ਪੰਨਾ ਪਲਟੋ ਤੇ
ਸ਼ੁਰੂ ਕਰੋ ਨਵਾਂ ਸਮਾਜ , ਨਵਾਂ ਅੰਦਾਜ਼
*****

## ਸਾਰੇ ਅੱਖਰ

ਕੁਝ ਹੌਲੇ ਕੁਝ ਭਾਰੇ ਅੱਖਰ
ਤੇਰੇ ਸਿਰ ਤੋਂ ਵਾਰੇ ਅੱਖਰ

ਜਿਸ ਅੱਖਰਾਂ ਵਿੱਚ ਨਾਂ ਹੈ ਤੇਰਾ
ਭੁੱਲਦੇ ਨਹੀਂ ਓ ਸਾਰੇ ਅੱਖਰ

ਝੱਟ ਪੱਟ ਆ ਕੇ ਮਿਲ ਜਾਂਦੇ ਨੇ
ਹੁਣ ਨਹੀਂ ਲਾਉਂਦੇ ਲਾਰੇ ਅੱਖਰ

ਲਿਖ ਕੇ ਫੇਰ ਮਿਟਾ ਦਿੰਨੀ ਆਂ
ਨਾਂ ਤੇਰੇ ਦੇ ਚਾਰੇ ਅੱਖਰ

ਤੈਨੂੰ ਰੋਸ਼ਨ ਕਰਨ ਲਈ ਤੇ
ਬਣ ਗਏ ਚੰਦ ਸਿਤਾਰੇ ਅੱਖਰ
*****

## ਕਵੀਆਂ ਵਾਲਾ ਪਿਆਰ

ਸਾਂਭ ਲਿਆ ਹੈ
ਤੇਰਾ ਸ਼ਬਦਾਂ ਦਾ ਉਪਹਾਰ
ਕਦੇ ਨੀ ਮੈਨੂੰ ਭੁੱਲਣਾ
ਤੇਰਾ ਕਵੀਆਂ ਵਾਲਾ ਪਿਆਰ

ਤੈਨੂੰ ਰਹਾਂ ਸਦਾ ਉਡੀਕਦੀ
ਬੈਠੀ ਯਾਦਾਂ ਦੇ ਦੁਆਰ
ਤੇ ਇੱਕ ਵਾਰ ਆ ਕੇ ਵੇਖ ਜਾ
ਮੇਰਾ ਬਿਨ ਤੇਰੇ ਸੰਸਾਰ
*****

## ਪ੍ਰਸਾਦ

ਨੰਗੇ ਪੈਰੀਂ
ਕਵਿਤਾ ਦੇ ਦਰਬਾਰ ਜਾਣਾ
ਸਨਮੁਖ ਹੋਣਾ
ਮੱਥਾ ਟੇਕਣਾ
ਹਰਫ਼ਾਂ ਦਾ ਪ੍ਰਸਾਦ ਲੈਣਾ
ਤੇ ਬੈਠ ਜਾਣਾ
ਹੁਕਮਨਾਮਾ ਸੁਣਦਿਆਂ
ਕਵਿਤਾਵਾਂ ਦੀਆਂ
ਸਤਰਾਂ ਵਿਚਕਾਰ
*****

## ਏਦਾਂ ਹੀ ਰਹੇ

ਏਦਾਂ ਹੀ ਕਵਿਤਾ ਰਹੇ ਸਦਾ ਜਾਗਦੀ
ਆਪਣੇ ਅੰਦਰ
ਹਰ ਵੇਲੇ
ਅਕਹਿ ਪਿਆਰ ਦੀ
ਸੋਭਾ ਕਰਦੀ
ਤੇਰੇ ਮੇਰੇ ਰਿਸ਼ਤੇ ਨੂੰ
ਰੌਸ਼ਨ ਕਰਦੀ
*****

## ਰਿਸ਼ਤਾ

ਨਰਾਜ਼ਗੀ ਵਰਗਾ ਵੀ ਕੁਝ ਨਹੀਂ ਸੀ
ਸਾਂਝ ਵਰਗਾ ਵੀ ਨਹੀਂ
ਪਰ ਇੱਕ ਰਿਸ਼ਤਾ ਸੀ

ਰਿਸ਼ਤੇ ਤੋਂ ਬਗੈਰ
ਕਿੰਝ ਵਰ੍ਹ ਸਕਦੀਆਂ ਸਨ ਕਵਿਤਾਵਾਂ

ਧੂਆਂ
ਧੂਣੀ ਚੋਂ ਹੀ ਉੱਠਦਾ ਹੈ
*****

# ਨਿੱਤਰੇ ਦਿਨ ਵਰਗੀ

ਮੈਨੂੰ ਆਵਾਜ਼ ਦੇਵੀਂ
ਮੈਂ ਹੁੰਗਾਰਾ ਭਰਨ ਦੀ
ਕੋਸ਼ਿਸ਼ ਕਰਾਂਗੀ

ਕੋਸ਼ਿਸ਼ ਕਰਾਂਗੀ
ਕਿ ਸਬੱਬ ਇਹ ਜਿਉਣ ਦੇ
ਬਣੇ ਰਹਿਣ

ਬਹਾਨੇ ਇਹ ਜਿਉਣ ਦੇ
ਸਾਡੀ ਕਵਿਤਾ ਦੇ ਸਿਰ 'ਤੇ
ਤਾਜ ਬਣ ਸੱਜਣਗੇ
ਸੁੰਨੇ ਹਿਰਦਿਆਂ 'ਚ
ਗੀਤ ਬਣ ਗੂੰਜਣਗੇ

ਅਨੋਖਾ ਦੀਪ ਜਗੇਗਾ
ਚਾਰ ਚੁਫ਼ੇਰੇ ਚਾਨਣ ਨਾਲ਼
ਸ਼ਿੰਗਾਰੀ ਹੋਈ
ਤੈਨੂੰ ਨਿੱਤਰੇ ਦਿਨ ਵਰਗੀ ਲੱਗਾਂਗੀ
*****

# ਤੇਰੇ ਪੈਰਾਂ ਹੇਠ

ਮੇਰੇ ਅੰਦਰ ਇੱਕ
ਆਸ ਜਿਊਂਦੀ ਹੈ
ਕੋਈ ਤੇ ਜਰੂਰ ਬੈਠਾ
ਦਿਲ ਦੇ ਦਰਬਾਰ ਵਿੱਚ
ਸਾਜ ਵਜਾ ਰਿਹਾ ਹੈ
ਮੇਰੇ ਇਰਧ ਗਿਰਧ
ਦਰਬਾਰੀ ਰਾਗ ਦੀ ਖ਼ੁਸ਼ਬੂ
ਆਉਂਦੀ ਹੈ
ਰੱਬ ਕਰੇ ਸੁੱਖ ਹੋਵੇ
ਮੇਰਾ ਚਿੱਤ ਸਹਿਜ ਹੋ ਜਾਂਦਾ
ਉਸਨੂੰ ਕਿੱਦਾਂ ਕਹਾਂ ਕਿ
ਮੈਂ ਸਦਾ ਲਈ ਇਸ ਦਰਬਾਰ ਵਿੱਚ
ਰਹਿਣਾ ਚਾਹੁੰਦੀ ਹਾਂ
ਦਰਬਾਰ ਵਿੱਚ ਆਜ਼ਾਦੀ ਹੁੰਦੀ
ਕੋਈ ਵੀ ਜਿੰਨੇ ਸਮੇਂ ਲਈ
ਰੁਕਣਾ ਚਾਹੁੰਦਾ ਰੁਕ ਸਕਦੈ
ਪਰ ਇਹ ਤੇਰਾ ਦਰਬਾਰ
ਤੇਰੀ ਮਰਜ਼ੀ
ਤੈਨੂੰ ਪਤਾ ਹੈ
ਮੈਂ ਰਹਿਣ ਦੇ ਕਾਬਿਲ ਹਾਂ ਕਿ ਨਹੀਂ
ਇਹ ਜੋ ਤੇਰੇ ਪਵਿੱਤਰ ਪੋਟਿਆਂ ਨਾਲ਼
ਸੁਰ ਚੱਲਦੇ ਨੇ ਨਾ

ਸੱਚ ਕਹਾਂ ਤਾਂ
ਮੈਂ ਸੰਗੀਤ ਹੋ ਜਾਂਦੀ ਹਾਂ
ਕਵਿਤਾ ਉੱਠ ਖਲੋਂਦੀ ਹੈ
ਤੇਰੇ ਰੰਗ ਤੇਰੇ ਰਾਗ ਵਿੱਚ
ਮੈਂ ਕਿਤੇ ਨਾ ਕਿਤੇ
ਮਸਤ ਹਾਂ
ਕਿਤੇ ਨਾ ਕਿਤੇ ਜਿਊਂਦੀ ਹਾਂ
ਤੇਰੇ ਪੈਰਾਂ ਹੇਠ
ਮੁਸਕਰਾਉਂਦੀ ਹੋਈ
*****

## ਅਸਲ ਮਨੋਰਥ

ਅਸੀਂ ਕੀ ਮਨੋਰਥ
ਲੈ ਕੇ ਆਏ ਸਾਂ ?
ਤੇ ਕੀ ਕਰ ਰਹੇ ਹਾਂ?
ਇਸ ਬਾਰੇ ਵਿਚਾਰਣਾ
ਵਿਸਰ ਹੀ ਗਿਆ

ਸੁੱਧ ਬੁੱਧ ਮਾਰੀ ਗਈ
ਮਨ ਤ੍ਰੈ ਗੁਣਾ ਦੇ
ਆਖੇ ਲੱਗ
ਸੰਸਾਰ ਨੂੰ ਆਪਣੇ
ਕਰਤੱਵ ਦਿਖਾਉਣ ਵਿੱਚ
ਵਿਅਸਤ ਹੈ

ਕਾਇਆ ਅਤੇ ਮਨ
ਰੁਲਦਾ ਜਾ ਰਿਹਾ ਹੈ
ਸਾਡਾ ਧਿਆਨ
ਜਾਲ ਵਿੱਚ ਫਸਿਆ
ਸਾਨੂੰ ਭੇਤ ਹੀ ਨਹੀਂ

ਆਓ ਮਨ ਨੂੰ
ਅੰਮ੍ਰਿਤ ਦੇ ਪਵਿੱਤਰ
ਹਰਿ ਨਾਮ ਵਾਲੇ

ਛਿੱਟੇ ਮਾਰੀਏ ! ਅਤੇ
ਆਪਣੇ ਆਪ ਨੂੰ
ਗੁਰੂ ਸਾਹਿਬ ਦੇ
ਗੁਲਾਮ ਬਣਾ ਦਈਏ

ਆਪਣਾ ਆਪ
ਉਹਨਾਂ ਦੇ
ਹਵਾਲੇ ਕਰ ਦਈਏ
ਮਨੋਰਥ ਪੂਰਾ ਕਰੀਏ

ਇੰਝ ਨਾ ਹੋਵੇ ਕਿ ਸਾਨੂੰ
ਸਾਈਂ ਦੇ ਭਰੇ ਦਰਬਾਰ ਵਿੱਚ
ਸ਼ਰਮਿੰਦਾ ਹੋਣਾ ਪਵੇ
ਆਓ ਆਪਣਾ ਮਨੋਰਥ
ਪੂਰਾ ਕਰੀਏ
ਸੰਸਾਰ ਨੂੰ ਤਿਆਗੀਏ
*****

## ਆਓ ਕੇਸਰੀ ਮੁਹੱਬਤ ਕਰੀਏ

ਤੁਹਾਡਾ ਖ਼ਿਆਲ
ਦਰਿਆ ਦੇ ਪਾਣੀ ਵਾਂਗ
ਮੇਰੇ ਅੰਦਰ
ਵਗਣ ਲੱਗਾ ਹੈ

ਤੁਹਾਡਾ ਪਿਆਰ
ਕੇਸਰੀ ਰੰਗ ਵਰਗਾ ਹੈ
ਮੇਰੇ ਦਿਲ ਦੇ ਇੱਕ ਕੋਨੇ ਵਿੱਚ
ਲਹਿਰਦਾ ਸਹਿਜੇ ਸਹਿਜੇ

ਮੈਂ ਕਿਸੇ ਤੀਰਥ ਦੀ
ਯਾਤਰਾ ਕਰਨੀ ਹੈ
ਤੁਹਾਡੇ ਨਾਲ !

ਸਵੇਰ ਹੁੰਦਿਆਂ ਹੀ
ਬਿਲਾਵਲ ਰਾਗ ਸੁਣਾਂਗੇ
ਚਿੜੀਆਂ ਚੂਕਣਗੀਆਂ
ਕਵਿਤਾ ਤੁਰੀ ਆਵੇਗੀ

ਮੈਂ ਤੁਹਾਡੇ ਸਰੂਪ ਨੂੰ
ਸਿਜਦਾ ਕੀਤਾ
ਤੁਹਾਡੀ ਸੋਹਬਤ ਨੂੰ ਮਾਣਿਆ

ਮੇਰੇ ਦਿਲ ਦੇ ਦੁਆਰ ਤੇ
ਕਿੰਨੀ ਕੁ ਦੇਰ ਖੜੇ ਰਹੋਗੇ
ਦਰ ਖੜਕਾਓ ਤੇ
ਅੰਦਰ ਲੰਘ ਆਓ ਹਾਂ

ਇੱਕ ਸੰਦੇਸ਼ ਹੈ
ਦਿਲ ਕਹਿੰਦਾ ਹੈ
ਆਓ ਕੇਸਰੀ ਮੁਹੱਬਤ ਕਰੀਏ

ਮੈਂ ਸੀਸ ਜ਼ਮੀਨ ਤੇ ਰੱਖਿਆ
ਤੇਰੇ ਸਨਮੁੱਖ
ਅੱਖਾਂ ਝੁਕਾਈਆਂ
ਤੇ ਕਿਹਾ ਤੁਹਾਡੇ ਤੋਂ ਬਿਨ੍ਹਾਂ
ਮੇਰੀ ਕਵਿਤਾ ਅਧੂਰੀ ਹੈ
*****

## ਤੁਸੀਂ ਕਦੇ ਬਾਰਸ਼ ਵਿਚ ਭਿੱਜੇ ਹੋ

ਬੱਦਲ ਦਾ
ਇੱਕ ਟੁਕੜਾ
ਜਲਦੀ ਭੇਜ ਦੇਣਾ !
ਮੋਹ ਵਿਚ ਭਿੱਜਾ
ਤੋਹਫ਼ਾ ਮਿਲਣਾ
ਨਵਾਂ ਜਨਮ
ਲੈਣ ਵਰਗਾ ਹੁੰਦੈ

ਨਾਲ਼ੇ ਤੁਸੀਂ ਵੀ
ਜਲਦੀ ਆ ਜਾਣਾ
ਮੈਂ ਬਹੁਤ ਗੱਲਾਂ ਕਰਨੀਆਂ ਨੇ

ਰਹੀ ਗੱਲ
ਮੇਰੀ ਉਮਰ ਦੀ !

ਰੂਹਾਂ ਦੀ ਉਮਰ
ਕਾਲ ਦੀਆਂ ਹੱਦਾਂ ਤੋਂ
ਆਰ-ਪਾਰ ਹੁੰਦੀ
ਜਾਂ ਫਿਰ
ਰੱਬ ਵਾਂਗ ਸਦੀਵੀ
ਜਾਂ ਸ਼ਾਇਦ
ਸੁੱਤੇ ਪਏ ਬੱਚੇ ਦੀ
ਮੁਸਕਰਾਹਟ ਜਿੰਨੀ

ਕੀ ਤੁਸੀਂ ਕਦੇ
ਜਾਣ-ਬੁੱਝ ਕੇ
ਬਾਰਸ਼ ਵਿਚ ਭਿੱਜੇ ਹੋ

ਬਾਰਸ਼
ਜੋ ਆਸਮਾਨ ਤੋਂ
ਧਰਤੀ ਵੱਲ ਨਹੀਂ
ਵਰ੍ਹਦੀ ਹੈ ਤੇਰੇ ਤੋਂ ਮੇਰੇ ਵੱਲ
*****

## ਸਿਰਜਣਹਾਰ

ਮੈਂ ਕਵਿਤਾ ਨਾਲ਼
ਪ੍ਰਮਾਤਮਾ ਨੂੰ
ਨਮਸਕਾਰ ਕਰਦੀ

ਉਸ ਦਾ
ਸਿਮਰਨ ਕਰਦੀ
ਅਤੇ ਅੱਖਰਾਂ ਦੇ ਬੀਜ
ਜ਼ਿੰਦਗੀ ਦੀ ਕਿਆਰੀ ਵਿਚ
ਸੁੱਟ ਆਉਂਦੀ

ਸਿਰਜਣਹਾਰ
ਮੇਹਰ ਕਰਦਾ
ਕਵਿਤਾ ਪੁੰਗਰਨ ਲੱਗਦੀ

ਮੇਰੇ ਖ਼ਿਆਲਾਂ ਦੀ
ਵਣਜ ਹੈ ਕਵਿਤਾ
ਜੋ ਗਈ ਰਾਤ ਤੀਕ
ਮੇਰੀਆਂ
ਅੱਖਾਂ ਵਿਚ ਜਾਗਦੀ
*****

## ਰੁੱਤਾਂ

ਮੈਂ ਤੇਰੇ
ਸ਼ਬਦਾਂ ਨੂੰ ਬੀਜਦੀ
ਕਵਿਤਾ ਦੇ ਰੁੱਖ
ਸਗਲ ਧਰਤ ‘ਤੇ
ਦੂਰ ਤੀਕ ਫ਼ੈਲ ਜਾਂਦੇ

ਤੁਸੀਂ ਮੈਨੂੰ
ਹਰੇ ਭਰੇ ਜੰਗਲ ਵਾਂਗ
ਨਜ਼ਰ ਆਉਂਦੇ
ਕੁਦਰਤ ਵਾਂਗ ਖਿੜ੍ਹ ਦੇ ਪ੍ਰਤੀਤ ਹੁੰਦੇ
ਜਿਵੇਂ ਕੋਈ
ਕਵਿਤਾ ਦੀ ਬੁੱਕਲ ਮਾਰ
ਰੁੱਤਾਂ ਵੰਡ ਰਿਹਾ ਹੋਵੇ
*****

# ਦੋਸਤਾ (ਬਾਲ ਕਵਿਤਾ)

ਆ ਜੀਵਨ ਆਪਣਾ ਸਵਾਰ ਦੋਸਤਾ
ਕਰ ਪੁਸਤਕਾਂ ਸੰਗ ਪਿਆਰ ਦੋਸਤਾ
ਭਰ ਲੈ ਅੰਦਰ ਅਨਮੋਲ ਖ਼ਜ਼ਾਨਾ
ਹੋ ਜਾ ਇਸ ਤੋਂ ਬਲਿਹਾਰ ਦੋਸਤਾ

ਇਹ ਕਰਨ ਤੇਰਾ ਸਤਿਕਾਰ ਦੋਸਤਾ
ਤੂੰ ਪੜ੍ਹ ਪੜ੍ਹ ਹੋ ਹੁਸ਼ਿਆਰ ਦੋਸਤਾ
ਸਭ ਦਾ ਸੋਹਣਾ ਸਫ਼ਰ ਬਣਾਵੇ
ਜੀਵਨ ਕਰੇ ਤਿਆਰ ਦੋਸਤਾ

ਆ ਚੱਲੀਏ ਬਾਜ਼ਾਰ ਦੋਸਤਾ
ਕਿਤਾਬਾਂ ਗਿਆਨ ਭੰਡਾਰ ਦੋਸਤਾ
ਵੰਨ ਸੁਵੰਨੀਆਂ ਖਰੀਦ ਲਿਆ ਤੇ
ਅੰਦਰ ਆਪਣਾ ਨਿਖਾਰ ਦੋਸਤਾ

ਮਾਂ ਬੋਲੀ ਸੀਨਾ ਦਿੰਦੀ ਠਾਰ ਦੋਸਤਾ
ਹੁੰਦੈ ਦੂਰ ਗ਼ਮਾਂ ਦਾ ਭਾਰ ਦੋਸਤਾ
ਇਸਦੇ ਸੁਨਿਹਰੀ ਅੱਖਰ ਸਾਰੇ ਤੂੰ
ਲੈ ਦਿਲ ਵਿੱਚ ਉਤਾਰ ਦੋਸਤਾ

ਜ਼ਿੰਦਗੀ ਦੇ ਦਿਨ ਚਾਰ ਦੋਸਤਾ
ਕਲਮਾਂ ਨੇ ਹਥਿਆਰ ਦੋਸਤਾ
ਸਾਬਰੀ ਮੈਡਮ ਤੋਂ ਕਵਿਤਾ ਸੁਣੀਏ
ਹੋ ਜਾਈਏ ਨਿਹਾਲ ਦੋਸਤਾ

*****

## ਤੇਰਾ ਦਰ

ਜਦ ਆਈਏ ਤੇਰੇ ਦਰ ਦਾਤਾ
ਤੂੰ ਝੋਲੀਆਂ ਦੇਵੇਂ ਭਰ ਦਾਤਾ

ਹੱਥ ਰੱਖ ਕੇ ਸਿਰ ਤੇ ਰਹਿਮਤ ਦਾ
ਤੇ ਨਜ਼ਰ ਸਵੱਲੀ ਕਰ ਦਾਤਾ

ਜਿੱਥੇ ਸੁੱਖ ਸ਼ਾਂਤੀ ਸਹਿਜ ਵੱਸੇ
ਇਹੋ ਜਿਹਾ ਤੇਰਾ ਘਰ ਦਾਤਾ

ਤੇਰੇ ਦਰ ਨਾਲ਼ੋਂ ਵੱਖ ਹੋ ਕੇ
ਸਾਡਾ ਸਕਦਾ ਨਹੀਂ ਹੈ ਸਰ ਦਾਤਾ

ਸੁਣ ਕੀਰਤਨ ਹੁੰਦਾ ਦਰ ਤੇਰੇ
ਸਭ ਮੁੱਕ ਜਾਂਦੇ ਨੇ ਡਰ ਦਾਤਾ
*****

## ਤੁਹਾਡਾ ਸਹਾਰਾ

ਤੁਹਾਡਾ ਸਹਾਰਾ
ਰੱਬ ਜਿੰਨਾਂ ਪਿਆਰਾ
ਤੁਹਾਡਾ ਸਹਾਰਾ

ਫੁੱਲਾਂ ਵਰਗਾ ਸੋਹਣਾ
ਮਹਿਕਦਾ ਨਜ਼ਾਰਾ
ਤੁਹਾਡਾ ਸਹਾਰਾ

ਅੰਬਰ ਦੇ ਵਿੱਚ
ਚਮਕਦਾ ਕੋਈ ਤਾਰਾ
ਤੁਹਾਡਾ ਸਹਾਰਾ

ਇਹ ਮਨ
ਲੋਚੇ ਵਿਚਾਰਾ
ਤੁਹਾਡਾ ਸਹਾਰਾ

ਲੱਗੇ ਸੰਸਾਰ
ਸਾਰੇ ਦਾ ਸਾਰਾ
ਤੁਹਾਡਾ ਸਹਾਰਾ

ਮੈਨੂੰ ਲੱਗੇ
ਏਨਾ ਕਿਉਂ ਪਿਆਰਾ
ਤੁਹਾਡਾ ਸਹਾਰਾ

ਹੋਵੇ ਜਿੱਦਾਂ
ਰੱਬ ਦਾ ਦੁਵਾਰਾ
ਤੁਹਾਡਾ ਸਹਾਰਾ

ਕੱਖਾਂ ਤੋਂ ਹੌਲਾ
ਸ਼ਬਦਾਂ ਤੋਂ ਭਾਰਾ
ਤੁਹਾਡਾ ਸਹਾਰਾ
*****

## ਮੁਹੱਬਤ

ਤੱਤੀ ਤਵੀ ਤੇ ਬੈਠਣਾ
ਜਿਗਰ ਦੇ ਟੋਟੇ ਅੱਖਾਂ ਸਾਹਵੇਂ
ਸ਼ਹੀਦ ਹੁੰਦੇ ਵੇਖਣਾ
ਕੇਸਾਂ ਨੂੰ ਆਂਚ ਨਾ ਆਉਣ ਦੇਣੀ
ਖੋਪੜੀ ਲੁਹਾ ਲੈਣਾ
ਚਰਖੜੀਆਂ ਤੇ ਚੜ੍ਹ ਜਾਣਾ
ਨੀਹਾਂ ਵਿਚ ਖੜ੍ਹ ਜਾਣਾ
ਜੈਕਾਰੇ ਲਾਉਣੇ
ਇਹ ਮੁਹੱਬਤ ਨਹੀਂ ਤੇ
ਹੋਰ ਕੀ ਹੈ
*****

## ਗੀਤ ਬਣਾਉਂਦਾ ਰਿਹਾ

ਮੈਨੂੰ ਕਵਿਤਾ ਆਖ
ਬੁਲਾਉਂਦਾ ਰਿਹਾ

ਗ਼ਜ਼ਲਾਂ ਗੀਤ
ਬਣਾਉਂਦਾ ਰਿਹਾ
*****

## ਬਦਲਾਅ

ਉਡੀਕ ਦਾ ਸਿਆਲ
ਦੁਬਾਰੇ ਚੜ੍ਹ ਗਿਆ
ਅੱਜ ਵੀ ਮੇਰੀਆਂ ਬਰੂਹਾਂ
ਦੇ ਬਾਹਰ ਤੇਰੇ ਕਦਮਾਂ
ਦੇ ਰਹਿ ਗਏ ਨਿਸ਼ਾਨ

ਤੂੰ ਆਪਣੇ ਸ਼ਹਿਰ ਵਿੱਚ
ਮਸਤ ਹੋਇਓਂ
ਭੁੱਲਾ ਬੈਠਾ ਕਿ
ਇੱਕ ਕਵਿਤਾ ਦਾ ਸ਼ਹਿਰ ਹੁੰਦਾ ਸੀ

ਤੇ ਹਰ ਰੋਜ
ਖੁੱਲ ਜਾਂਦਾ ਸੀ ਖਿਆਲਾਂ ਦਾ ਬਾਜ਼ਾਰ
ਸਵੇਰੇ ਸਵੇਰ
ਹੋਸ਼ ਕਰ
ਵਾਪਸ ਆ

ਪੱਕੇ ਡੇਰੇ ਨਹੀਂ ਲਾ ਲਈਦੇ
ਬਦਲੀ ਦਾ ਹੁੰਦਾ
ਜੀਵਨ ਦਾ ਰੰਗ
ਮਨ ਦਾ ਮੌਸਮ
ਆਪਣਾ ਫੈਂਸਲਾ ਤੇ
ਕਵਿਤਾ ਦਾ ਵਿਸ਼ਾ

ਜਿਵੇਂ ਬਦਲ ਲਿਆ ਤੂੰ
ਆਪਣਾ ਸੁਭਾਅ
ਆਪਣਾ ਸ਼ਹਿਰ
ਆਪਣਾ ਆਪ
*****

## ਰੱਬ ਦੀ ਸਾਜ਼ਿਸ

ਮੈਂ ਉਸ ਨੂੰ ਚਾਹਿਆ ਸੀ
ਕਿ ਉਹ ਕਵਿਤਾਵਾਂ ਲਿਖੇ

ਮੈਂ ਜਵਾਬ ਲਿਖਾਂ
ਕਵਿਤਾਵਾਂ ਦੇ

ਪਰ ਉਹ ਰੱਬ ਦੇ ਨੇੜੇ
ਹੋ ਗਈ ਤੇ ਮੈਥੋਂ ਦੂਰ

ਰੱਬ ਦੇ
ਗੀਤ ਗਾਉਂਦੀ
ਮਰਸੀਏ ਲਿਖਦੀ

ਮੰਚਾਂ ਤੇ ਦਿੱਸਦੀ
ਆਲੋਪ ਹੋ ਜਾਂਦੀ

ਅਲੋਪ ਹੋਣਾ
ਉਸ ਦੇ ਬੋਧ ਦੀ
ਕੋਈ ਅਵਸਥਾ ਹੋ ਸਕਦੀ

ਜਾਂ ਰੱਬ ਦੀ ਕੋਈ ਸਾਜਿਸ਼

ਉਂਝ ਕਵਿਤਾਵਾਂ ਨੇ
ਜੇ ਉਸਦਾ ਰਾਹ
ਨਹੀਂ ਰੋਕਿਆ

ਤਾਂ ਸਾਥ ਵੀ ਨਹੀਂ ਛੱਡਿਆ

*****

## ਬੋਲਣ ਦਾ ਬਹਾਨਾ

ਤੁਹਾਨੂੰ ਚੇਤੇ ਕਰਦਿਆਂ
ਅੱਜ ਕਿੰਨਾ ਕੁਝ ਲਿਖ ਦਿੱਤਾ ਹੈ ਮੈਂ
ਤੁਸੀਂ ਵੀ ਤਾਂ ਕੁਝ ਲਿਖੋ
ਕਿ ਮੈਂ ਸਦਾ ਤੁਹਾਨੂੰ ਲਿਖਦੀ ਰਹਾਂ

ਅੱਜ ਕਿੰਨਾ ਕੁਝ
ਬਦਲਿਆ ਬਦਲਿਆ ਲੱਗ ਰਿਹਾ ਹੈ
ਆ ਕੇ ਵੇਖੋ
ਏਦਾਂ ਵੀ ਕੋਈ ਜਿਊਂਦਾ ਹੈ ਭਲਾ

ਅੱਜ ਕੁਝ ਵੀ ਸੁੱਝ ਨੀ ਰਿਹਾ
ਖ਼ਿਆਲ ਖਾਮੋਸ਼ ਹੋਏ
ਤੁਹਾਡੇ ਨਾਲ ਬੋਲਣ ਦਾ ਬਹਾਨਾ ਲੱਭ ਰਹੇ ਨੇ

ਮੈਨੂੰ ਨਹੀਂ ਪਤਾ ਕਿ ਕਵਿਤਾ ’ਚ
ਰੰਗ ਕਿਵੇਂ ਭਰੀਦਾ ਹੈ
ਤੁਹਾਡੇ ਪਿਆਰ ’ਚ ਭਿੱਜਣ ਨਾਲ਼ ਹੀ
ਹੁੰਦੀ ਹੈ ਮੈਨੂੰ ਰੰਗਾਂ ਦੀ ਪਛਾਣ

ਮੈਨੂੰ ਨਹੀਂ ਆਉਂਦਾ ਕੁਝ ਵੀ
ਤੁਸੀਂ ਆਓ ਤੇ ਮੈਨੂੰ ਆਪਣੀ ਕਲਾ ਨਾਲ਼
ਲਓ ਸਮੇਟ ਸਦਾ

ਮੈਂ ਕਹਿਣਾ ਹੈ ਕਿ ਮੈਨੂੰ ਭੁੱਲ ਨਾ ਜਾਇਓ
ਤੁਹਾਡੇ ਆਸਰੇ ਨਾਲ਼ ਤਾਂ
ਫੁੱਟਦੀ ਹੈ ਮੇਰੀ ਆਸ ਦੀ ਕਰੂੰਬਲ

ਕੋਈ ਮਜ਼ਬੂਰ ਵੀ ਤੇ ਹੋ ਸਕਦਾ ਹੈ
ਨਹੀਂ ਤੇ ਕੌਣ ਚਾਹੁੰਦਾ ਹੈ ਕਿ
ਪਿਆਰੇ ਨੂੰ ਪਰਵਾਹ ਕਰਨ ਦਈਏ

ਮੈਂ ਉਦਾਸ ਹਾਂ ਬਸ
ਤੁਸੀਂ ਕੁਝ ਅਜਿਹਾ ਲਿਖੋ
ਤੁਹਾਡਾ ਸੰਦੇਸ਼ , ਸੰਕੇਤ
ਮੈਨੂੰ ਨਵਾਂ ਨਰੋਆ ਕਰ ਦੇਵੇ

ਤੁਸੀਂ ਮੇਰਾ ਇੰਤਜ਼ਾਰ ਕਰੋ
ਮੈਂ ਕਿਤੇ ਨਹੀਂ ਗਈ
ਏਥੇ ਕਿਤੇ ਈ ਆਲੇ ਦੁਆਲੇ
ਜਿੰਮੇਵਾਰੀਆਂ ਨਿਭਾਉਂਦੀ ਫਿਰਦੀ
ਪਹੁੰਚ ਜਾਵਾਂਗੀ ਇੱਕ ਨਾ ਇੱਕ ਦਿਨ
ਤੁਹਾਡੇ ਕੋਲ
ਕਵਿਤਾ ਲਿਖਦਿਆਂ
*****

## ਰਿਮਝਿਮ ਵਰ੍ਹਦੇ

ਸਗਲ ਸੰਸਾਰ ਦੇ
ਸਿਰਜਣਹਾਰ

ਸੁੰਦਰ ਸਰੂਪ
ਸੱਚੇ ਸਾਹਿਬ ਨੂੰ

ਹਿਰਦੇ ਧਿਉਂਦੇ
ਉਸਦੀ ਜੋਤ ਜਗਾਉਂਦੇ

ਜਿਸਦੀ ਸੋਭਾ
ਸਿਫ਼ਤ ਸਲਾਹ

ਸ਼ਬਦਾਂ ਵਿੱਚ
ਨਹੀਂ ਕੀਤੀ ਜਾ ਸਕਦੀ

ਜੋ ਜੀਵ ਧੁਰ ਅੰਦਰ ਤੱਕ
ਸੋਹਬਤ ਦਾ ਆਨੰਦ ਮਾਣਦੇ

ਸਿਜਦਾ ਕਰਦੇ
ਤੀਰਥ ਹੋ ਜਾਂਦੇ

ਉਹ ਸਦਾ ਈ ਰੌਸ਼ਨ ਹੁੰਦੇ
ਖਿੜਦੇ

ਚਾਨਣ ਨਾਲ਼
ਭਿੱਜਦੇ

ਭਿੱਜਣ ਨਾਲ਼
ਨਿਖਰਦੇ
ਨਿਰੰਕਾਰ ਨਿਵਾਜ਼ਦਾ

ਜਿਹੜੇ ਉਸਦਾ
ਧਿਆਨ ਧਰਦੇ

ਭਵਸਾਗਰ ਤਰਦੇ
ਰਿਮਝਿਮ ਵਰ੍ਹਦੇ
*****

## ਸਹਿਜ ਸੁਭਾਅ

ਤੁਸੀਂ ਮੇਰੇ
ਉਥੇ ਕੁ ਜਿਹੇ ਵੱਸਦੇ ਓ
ਜਿੱਥੋਂ ਸ਼ਬਦ
ਨਿਰੰਤਰ ਵਹਿ ਰਹੇ
ਮੂਲ ਭਿੱਜਦਾ ਜਾ ਰਿਹਾ
ਮਨ ਧੋਤਾ ਜਾ ਰਿਹਾ
ਕਵਿਤਾ ਡੁੱਲ ਡੁੱਲ ਪੈ ਰਹੀ
ਇਹ ਵਾਪਰ ਰਿਹਾ ਹੈ
ਸਹਿਜ ਸੁਭਾਅ
*****

## ਤੰਦਰੁਸਤੀ

ਤੁਹਾਡੇ ਨਾਲ਼
ਨਿਮਾਣਿਆ ਨੂੰ
ਮਾਣ ਮਿਲਦਾ
ਮਨ ਤੰਦਰੁਸਤ
ਖਿੜ ਪੈਂਦਾ
ਮਹਿਕਣ ਲੱਗਦਾ
*****

## ਰਿਆਜ਼

ਮੈਂ ਰਿਆਜ਼ ਨੂੰ
ਇੰਝ ਮਨਾਇਆ

ਕਵਿਤਾ ਦਾ
ਮੱਥਾ ਚੁੰਮਿਆ

ਤੇ ਸਾਜ਼ ਨੂੰ
ਗਲ਼ ਨਾਲ ਲਾਇਆ
*****

## ਮੇਰੇ ਲਾਰਿਆਂ 'ਚ

ਮੈਂ ਤੇਰੇ ਹੁੰਗਾਰੇ ਦੀ ਉਡੀਕ ਹਾਂ
ਤੇਰੀ ਛੋਹ ਦੀ ਤਲਬਗਾਰ
ਮੇਰੇ ਹਨੇਰਿਆਂ ਨੂੰ
ਤੇਰੀ ਦੇਹ ਦਾ ਚਾਨਣ
ਦਰਕਾਰ ਹੈ
ਹਵਾ ਦੇ ਝੌਂਕੇ ਨਾਲ
ਬੁਝਣ ਵਾਲਾ
ਚਿਰਾਗ਼ ਬਣ ਵਿਹੜੇ ਨਾ ਵੜੀਂ
ਮੈਂ ਰਹਿੰਦੀ ਉਮਰ
ਜਗਣਾ ਹੈ
ਤੂੰ ਰਹਿੰਦੇ ਮੇਰੇ ਲਾਰਿਆਂ ਚ'
ਬਲਦਾ ਰਹੀਂ
*****

## ਕਵਿਤਾ ਅਜੇ ਨਾ ਆਈ

ਦਿਨ ਢਲ਼ ਗਿਆ
ਰਾਤ ਉੱਤਰ ਆਈ
ਖ਼ਿਆਲਾਂ ਨੂੰ ਜਗਾਉਣ
ਕਵਿਤਾ ਅਜੇ ਨਾ ਆਈ

ਗੰਢਾਂ ਮਨ ਦੀਆਂ ਖੋਲ੍ਹ
ਤੋਰ ਸੱਜਰੇ ਦੋ ਬੋਲ
ਹਰ ਦੁਬਿਧਾ ਤਿਆਗ॥।
ਆ ਬੈਠ ਮੇਰੇ ਕੋਲ਼

ਮੱਥੇ ਉੱਤੇ ਹੱਥ ਧਰ
ਉਡੀਕਾਂ ਭੁੱਖੀ ਤੇ ਤਿਹਾਈ
ਖ਼ਿਆਲਾਂ ਨੂੰ ਜਗਾਉਣ
ਕਵਿਤਾ ਅਜੇ ਨਾ ਆਈ

ਸ਼ਬਦਾਂ ਹੱਥ ਭੇਜਿਆ ਸੁਨੇਹਾ
ਕਵਿਤਾ ਹੱਥ ਮੁਹੱਬਤੀ ਹੁੰਗਾਰਾ
ਸਵਾਰਥ ਤੋਂ ਉੱਠ ਉੱਤੇ
ਨਾ ਲਈ ਹੁਣ ਕੋਈ ਲਾਰਾ

ਅੱਖਾਂ ਮਾਸੂਮ ਅੱਗੇ ਜਦ
ਤੇਰੀ ਮੂਰਤ ਬਣਾਈ
ਖ਼ਿਆਲਾਂ ਨੂੰ ਜਗਾਉਣ
ਕਵਿਤਾ ਅਜੇ ਨਾ ਆਈ
*****

## ਅਵਸਥਾ

ਕਿੰਨਾ ਔਖਾ ਹੁੰਦਾ
ਕਿਸੇ ਨੂੰ ਉਡੀਕਣਾ !
ਪਰ ਤੇਰੀ ਉਡੀਕ
ਪਤਾ ਨਹੀਂ ਕਦੋਂ
ਆਨੰਦ ਬਣ
ਮੇਰੇ ਕਮਰੇ ਨੂੰ ਭਰ ਜਾਂਦੀ

ਤੂੰ ਜਿਥੇ ਵੀ ਹੋਵੇਂਗਾ
ਪ੍ਰਕ੍ਰਿਤੀ ਤੇਰੀ ਹਾਜ਼ਰੀ
ਨਾਲ਼ ਭਿੱਜਦੀ ਹੋਵੇਗੀ
ਅਤੇ ਹਰ ਦਿਨ
ਨਵਾਂ ਨਰੋਆ ਹੋਵੇਗਾ !

ਮੈਂ ਸੋਚਦੀ
ਮੈਂ ਤੈਨੂੰ ਮਿਲ਼ਣ ਜਾਵਾਂ
ਕਵਿਤਾ ਸਹਿਜੇ ਹੀ
ਮੇਰਾ ਸ਼ਿੰਗਾਰ ਬਣੇ
ਸ਼ਬਦਾਂ ਦੀ ਲਿਸ਼ਕੋਰ
ਤੇਰੇ ਮੁੱਖ ਤੇ ਪਵੇ

ਚਾਰ ਚੁਫੇਰਾ
ਰੁਸ਼ਨਾ ਜਾਵੇ
ਤੇਰੇ ਹੋਣ ਨਾਲ

ਹਵਾ ਸਾਡੇ
ਕੋਲ ਦੀ ਲੰਘੇਂ
ਸਰਕਦੀ ਹੋਈ
ਕੰਨਾਂ ਵਿੱਚ,
ਮੁਲਾਕਤ ਦੀ
ਵਧਾਈ ਦਿੰਦੀ ਹੋਈ
*****

## ਡਾਕੀਏ ਨੂੰ

ਤੂੰ ਦੂਰ ਬੈਠਾਂ
ਮੈਨੂੰ ਤੋਹਫ਼ੇ
ਭੇਜ ਰਿਹਾਂ

ਮੈਂ ਏਥੇ ਤੇਰੇ ਤੋਂ ਵੱਧ
ਡਾਕੀਏ ਨੂੰ ਯਾਦ ਕਰਦੀ

ਉਹ ਕਦ ਆਵੇ ਤੇ
ਤੇਰੇ ਨਾਂ ਦੀਆਂ
ਕਿਤਾਬਾਂ
ਮੈਨੂੰ ਝੱਟ ਬੂਹੇ ਅੱਗੇ
ਫੜਾ ਜਾਵੇ

ਮੈਂ ਹੱਸ ਪੈਂਦੀ
ਤੇਰੇ ਖਿਆਲਾਂ ਦੇ
ਦਸਤਕ ਦਿੰਦੀ

ਕਿਤਾਬਾਂ ਨੂੰ
ਘਰ ਲੈ ਆਉਂਦੀ
ਮੇਰੇ ਘਰ ਚ '
ਇੱਕ ਨਵਾਂ ਮਹਿਮਾਨ
ਆਉਂਦਾ

ਅੰਦਰੋਂ ਅੰਦਰੀ
ਮੋਹ ਨਾਲ ਭਰ ਜਾਂਦੀ

ਚਾਹ ਦੇ ਕੱਪ ਨਾਲ
ਤੈਨੂੰ
ਪੜਨ ਬੈਠਦੀ

ਬਾਰਸ਼ ਹੋਣ ਲੱਗਦੀ
ਤੇ ਤੇਰੀ ਕਵਿਤਾ
ਠਰੀ ਠਰੀ
ਲੱਗਣ ਲੱਗਦੀ

ਹੁਣ ਕਦ ਆਵੇਂਗਾ
ਠਰੇ ਦਿਨਾਂ ਵਿੱਚ
ਨਿੱਘ ਦੀ ਕਵਿਤਾ ਲੈ ਕੇ ?

*****

## ਰਿਸ਼ਤਾ ਏਨਾ ਹੀ ਬਹੁਤ ਹੈ

ਕਵਿਤਾ ਖ਼ਾਮੋਸ਼ ਵੀ ਹੁੰਦੀ
ਚੁੱਪੀ ਵਿੱਚ ਵੀ
ਕੋਈ ਗਹਿਰਾ ਰਿਸ਼ਤਾ ਹੁੰਦਾ

ਰਿਸ਼ਤਾ
ਏਨਾ ਹੀ ਬਹੁਤ ਹੈ ਕਿ
ਮੈਂ ਤੇਰੀ ਕਵਿਤਾ ’ਚ ਹਾਂ !

ਤਾਈਦ ਕਰ ਦੇਵੇਂ
ਤੇ ਮੈਂ ਅੰਬਰ ਛੂਹ ਲਵਾਂ !
*****

## ਤੇਰਾ ਸੁਭਾਅ

ਤੇਰਾ ਸੁਭਾਅ
ਗੁੜ ਵਾਂਗ ਨਿੱਘਾ
ਤੇ ਮਿੱਠਾ !
ਤੂੰ ਸ਼ਬਦਾਂ ਦਾ ਜਾਦੂਗਰ
ਕਵਿਤਾ ਨੂੰ ਵੱਸ ਵਿੱਚ
ਕਰਨਾ ਜਾਣਦਾ !

*****

## ਯਾਤਰਾ

ਇੱਕ ਚਾਹ ਦਾ ਕੱਪ
ਉਸਦੇ ਲਈ
ਜੋ ਨਿੱਤ ਮੇਰੇ ਖਿਆਲਾਂ ਦੀ
ਯਾਤਰਾ ਕਰਕੇ
ਥੱਕ ਜਾਂਦਾ ਹੈ
*****

## ਘੁਲਣਸ਼ੀਲ

ਤੇਰੇ ਖਿਆਲਾਂ ਚ '
ਮੇਰੇ ਨਕਸ਼
ਮੇਰੇ ਚ ' ਕਵਿਤਾ ਦੇ ਨਕਸ਼
ਦੋਨੋ ਘੁਲ ਜਾਂਦੇ
ਤੇਰੇ ਰੰਗਾਂ ਚ '
ਕਵਿਤਾਵਾਂ ਚ'
ਮੈਂ ਘੁਲਣਸ਼ੀਲ ਹਾਂ!

ਘੁਲ ਮਿਲ ਕੇ
ਰਹਿਣਾ
ਕਵਿਤਾ ਦਾ ਗਹਿਣਾ
ਸਾਂਭ ਸਾਂਭ ਰੱਖਣਾ
ਮੈਨੂੰ ਚੰਗਾ ਲੱਗਦਾ ਹੈ !
*****

## ਰਿਆਜ਼ ਕਰੀਏ

ਏਧਰ ਆ...
ਤੂੰ ਤੇ ਮੈਂ
ਰਲ ਰਿਆਜ਼ ਕਰੀਏ

ਤੇ ਗਾਈਏ ਹਰੀ ਦੀ
ਉਸਤਿਤ

ਭਿੱਜੀਏ ਪ੍ਰਮੇਸ਼ਰ
ਦੇ ਪ੍ਰੇਮ ਪਿਆਰ ਵਿੱਚ

ਦੋਵੇਂ ਦਰ ਤੇ ਬੈਠ
ਇੱਕੋ ਸਮੇਂ
ਹਿਰਦੇ ਧਿਆਈਏ

ਗਰੀਬ ਨਿਵਾਜ਼
ਗਹਿਰ ਗੰਭੀਰ
ਵੱਡਾ ਵਡੇਰਾ

ਆ ਗਾਈਏ
ਆ ਰਲੀਏ
ਆ ਰਿਆਜ਼ ਕਰੀਏ....

*****

## ਸ਼ੀਸ਼ੇ ਨੂੰ

ਮੈਂ ਕਵਿਤਾ ਦਾ ਸੁਰਮਾ ਪਾਉਂਦੀ ਹਾਂ
ਸੰਧੂਰ ਹਰਫ਼ਾਂ ਦਾ ਲਾਉਂਦੀ ਹਾਂ !
ਅੱਖਰਾਂ ਵਿੱਚ ਵੱਸਦੀ ਹਾਂ
ਖੁਸ਼ ਹੁੰਦੀ ਹੋਈ ਹੱਸਦੀ ਹਾਂ
ਗੱਲਾਂ ਸ਼ੀਸ਼ੇ ਨੂੰ ਦੱਸਦੀ ਹਾਂ
*****

## ਸਾਹਿਬ

ਮੈਂ ਤਾਂ ਚੰਦ ਦੇ ਓਹਲੇ ਸਾਹਿਬ
ਭੇਤ ਅੰਬਰ ਨਾਲ ਖੋਲੇ ਸਾਹਿਬ
ਗੁੱਸੇ ਵਿੱਚ ਸੂਰਜ ਤਪ ਰਿਹਾ ਏ
ਉੱਤੋਂ ਤਾਰੇ ਵੀ ਬੜਬੋਲੇ ਸਾਹਿਬ
*****

## ਰਹਿਣ ਜਿਊਂਦੀਆਂ

ਐਵੇਂ ਰਹਿੰਦੀਆਂ ਹੱਸਦੀਆਂ ਅੱਖਾਂ ,
ਕੀ ਪੁੱਛਾਂ ਕੁੱਝ ਨਾ ਦੱਸਦੀਆਂ ਅੱਖਾਂ।
ਬਹਿੰਦਾ ਏ ਕੋਈ ਪਲਕਾਂ ਸਾਹਵੇਂ ,
ਰਹਿਣ ਜਿਊਂਦੀਆਂ ਵੱਸਦੀਆਂ ਅੱਖਾਂ।
*****

## ਜਗ ਤੇ ਐਸਾ ਨਾਂ

ਉਸਨੂੰ ਮੇਰਾ ਨਾਂ
ਬੜਾ ਚੰਗਾ ਲੱਗਦਾ ਹੈ
ਮੈਨੂੰ ਸਾਬਰੀ ਕਹਿਣਾ
ਫਕੀਰ ਦੇ ਮਿਲਣ ਵਰਗਾ
ਅਹਿਸਾਸ ਹੁੰਦਾ ਹੈ ਉਸਨੂੰ

ਮੈਂ ਆਪਣੀਆਂ
ਚੋਣਵੀਆਂ ਨਜ਼ਮਾਂ
ਓਹਦੇ ਲਈ ਰੱਖੀਆਂ ਹੁੰਦੀਆਂ

ਉਹ ਪੜ੍ਹਦਾ ਪੜ੍ਹਦਾ ਸੌਂ ਜਾਂਦਾ
ਜਦੋਂ ਉੱਠ ਕੇ ਨਜ਼ਮ
ਚਾਹ ਦੇ ਕੱਪ ਨਾਲ
ਪੜ੍ਹਦਾ ਹੈ ਫਿਰ

ਬੱਦਲਾਂ ਤੇ ਕਾਲੀ ਘਟਾ
ਛਾ ਰਹੀ
ਮੌਸਮ ਅੱਖਾਂ ਚ ' ਮਿੱਟੀ
ਪਾ ਰਿਹਾ ਹੈ
ਜਦੋਂ ਮੇਰੇ ਲਿਖੇ ਸ਼ਬਦਾਂ ਨੂੰ
ਤੱਕਦਾ ਹੈ ਉਹ

ਸ਼ਾਇਦ !
ਮੌਸਮ ਕੁੱਝ ਕਹਿਣਾ ਚਾਹੁੰਦਾ ਹੈ ਮੈਨੂੰ
ਪਰ ਹਵਾ ਕੁਝ ਕਹਿਣ
ਨਹੀਂ ਦਿੰਦੀ

ਉਹ ਧਰਤੀ ਤੇ
ਮੈਨੂੰ ਮਿਲਣ ਲਈ
ਫਰਿਆਦ ਕਰਦਾ
ਤੇ ਕਹਿੰਦਾ ਤੂੰ ਬੱਦਲ ਬਣਕੇ
ਵਰ੍ਹਿਆ ਨਾ ਕਰ

ਜੱਗ ਤੇ ਐਸਾ ਨਾਂ ਕਿਤੇ ਵੀ ਨਹੀਂ
ਸੱਚੀ ਮੁੱਚੀ ਤੇਰਾ ਨਾਂ
ਬੜਾ ਸੋਹਣਾ ਹੈ !
*****

## ਗੀਤ

ਮੈਨੂੰ ਤੇਰੇ ਮਿਲਣੇ ਦਾ
ਦੱਸਾਂ ਕਿੰਨਾ ਚੜ੍ਹਿਆ ਏ ਚਾਅ
ਵੇ.... ਛੇਤੀ ਘਰ ਆ...

ਹਵਾ ਗਾਉਂਦੀ ਗੀਤ ਜਦੋਂ
ਗੂੰਜਦਾ ਸੰਗੀਤ ਜਦੋਂ
ਖੁਸ਼ੀ ਵਿੱਚ ਨੱਚਦਾ ਏ ਰਾਹ
ਵੇ..... ਛੇਤੀ ਘਰ ਆ.....

ਉਡੀਕਦੀ ਸਿਆਲ ਵਾਲ਼ੀ
ਧੁੱਪ ਵਾਂਗ ਤੈਨੂੰ ਮੈਂ
ਤੇ ਸੱਧਰਾਂ ਨੂੰ ਪਾਣੀ ਦਿੱਤਾ ਪਾ
ਵੇ..... ਛੇਤੀ ਘਰ ਆ.....

ਸੁਣ ਲੈ ਵੇ ਮੇਰੀ ਗੱਲ
ਦਿਲ ਮੇਰਾ ਦਲਦਲ
ਜਾਵੇਂਗਾ ਕਿਵੇਂ ਚੱਲ
ਜਾ ਕੇ ਵਖਾ
ਵੇ.... ਛੇਤੀ ਘਰ ਆ......

ਸਾਬਰੀ ਨੇ ਸਾਂਭੇ ਜਿਹੜੇ
ਦਿੱਤੇ ਜੋ ਉਲਾਂਭੇ ਤੇਰੇ

ਕਿੰਨੇ ਕੀਮਤੀ ਏ ਪਲ ਨਾ ਗਵਾ
ਵੇ....ਛੇਤੀ ਘਰ ਆ......

ਤਾਰਿਆਂ ਨੂੰ ਪੁੱਛੀਂ ਕਿਤੇ
ਸਾਰਿਆਂ ਨੂੰ ਪੁੱਛੀਂ ਕਿਤੇ
ਬਿਣ ਤੇਰੇ ਮੁੱਕ ਚੱਲੇ ਸਾਹ
ਵੇ..... ਛੇਤੀ ਘਰ ਆ......

ਯਾਦਾਂ ਮੇਰੇ ਵਿਹੜੇ ਪਈਆਂ
ਮਿਲਣੇ ਲਈ ਖਹਿੜੇ ਪਈਆਂ
ਤਾਈਂਉਂ ਦਿੱਤੇ ਗੀਤ ਬਣਾ
ਵੇ.....ਛੇਤੀ ਘਰ ਆ.....
*****

## ਹਾਏ ਏਨਾ ਸੋਹਣਾ ਸੀ ਪੰਜਾਬ

ਹੁੰਦੇ ਕੱਚੇ ਕੋਠੇ ਨਾਲ਼ ਸਬਾਤਾਂ,
ਤਾਰਿਆਂ ਥੱਲੇ ਠੰਡੀਆਂ ਰਾਤਾਂ।

ਕੱਚੇ ਵਿਹੜੇ ਕਾਵਾਂ ਰੌਲੇ,
ਬੀਬੀਆਂ ਫੇਰਨ ਜਦੋਂ ਪਰੋਲੇ।

ਕੰਧਾਂ ਲਿੱਪਣ ਹੋ ਕੇ ਕੱਠੀਆਂ,
ਦਾਣੇ ਭੁੰਨਦੀਆਂ ਜਦ ਸੀ ਭੱਠੀਆਂ।

ਕੱਠੇ ਟੱਬਰ ਪਿਆਰ ਸੀ ਗੂੜੇ,
ਜਦੋਂ ਬਾਪੂ ਆਉਂਦਾ ਮਾਰ ਖੰਘੂਰੇ ।

ਸਾਉਣ ਮਹੀਨੇ ਖਾਂਦੇ ਪੂੜੇ ,
ਨਾ ਵਿਸਾਰਿਓ ਊੜੇ ਜੂੜੇ ।

ਹੱਸਣ ਖੇਡਣ ਖੁਸ਼ੀ ਮਨਾਉਣ ,
ਬੋਲੀਆਂ ਟੱਪੇ ਗੀਤ ਸੁਣਾਉਣ।

ਘੜੇ ਦਾ ਸ਼ੁੱਧ ਤੇ ਠੰਡਾ ਪਾਣੀ,
ਪੋਤੇ ਦਾਦੀਆਂ ਕੋਲੋਂ ਸੁਨਣ ਕਹਾਣੀ।

ਸੁਪਨੇ ਦੇ ਵਿੱਚ ਤੱਕਿਆ ਖ਼ੁਆਬ ,
ਹਾਏ ਏਨਾ ਸੋਹਣਾ ਸੀ ਪੰਜਾਬ।

*****

# ਤ੍ਰਿਪਤ ਅਹਿਸਾਸ

ਮੇਰੇ ਸ਼ਬਦਾਂ ਵਿੱਚ
ਮੁਹੱਬਤ ਟਹਿਲ ਰਹੀ ਹੈ
ਤੇਰੇ ਰਗਾਂ ਵਿੱਚ ਰੀਂਗ ਰਹੀ ਹੈ
ਕਵਿਤਾ
ਉਡੀਕ ਤੇਰਾ ਹੁੰਗਾਰਾ ਹੈ
ਇੰਤਜਾਰ ਸਬਰ ਮੇਰਾ
ਦਿੱਸਹੱਦਿਆਂ ਦਾ
ਮਿਲਣ ਬਿੰਦੂ
ਸੰਪੂਰਨਤਾ ਤਾਂ ਨਹੀਂ ਹੋਵੇਗੀ
ਅੰਦਰਲੇ ਖ਼ਲਾਅ ਵਿੱਚ
ਭਰਿਆ
ਤ੍ਰਿਪਤ ਅਹਿਸਾਸ
ਜ਼ਰੂਰ ਹੋਵੇਗਾ
ਤੂੰ ਸੀਤ ਹਵਾ ਦੇ ਬੁੱਲੇ ਵਾਂਗ
ਆਵੀਂ
ਕੋਸੀਆਂ ਬਾਹਾਂ ਚ
ਸਮੇਟ ਲਵਾਂਗੀ ਮੈਂ
*****

## ਕਵਿਤਾ ਵੀ ਗਈ ਹਾਰ

ਇੱਕ ਇੱਕ ਸਤਰ ਜੋੜ ਲਈ
ਜੋੜੀ ਉਸਦੇ ਜਾ ਦਰਬਾਰ
ਰੱਬ ਦੇ ਚਰਨੀਂ ਢਹਿ ਗਈ
ਕਵਿਤਾ ਵੀ ਗਈ ਹਾਰ
*****

## ਕਿਨਾਰਾ

ਕਵਿਤਾ
ਕਿਨਾਰੇ ਕੋਲ ਆ ਕੇ
ਪਿਛਾਂਹ ਮੁੜ ਜਾਂਦੀ ਹੈ
ਤੂੰ ਕਿਨਾਰਾ ਹੈਂ
ਜਾਂ ਕਵਿਤਾ
*****

## ਅਵਸਥਾ

ਤੁਸੀਂ ਮੇਰੇ
ਉਥੇ ਕੁ ਜਿਹੇ ਵੱਸਦੇ ਓ
ਜਿੱਥੋਂ ਸ਼ਬਦ
ਨਿਰੰਤਰ ਵਹਿ ਰਹੇ
ਮੂਲ ਭਿੱਜਦਾ ਜਾ ਰਿਹਾ
ਮਨ ਧੋਤਾ ਜਾ ਰਿਹਾ
ਕਵਿਤਾ ਡੁੱਲ ਡੁੱਲ ਪੈ ਰਹੀ
ਇਹ ਵਾਪਰ ਰਿਹਾ ਹੈ
ਸਹਿਜ ਸੁਭਾਅ
*****

## ਭਰਮ

ਕਿੰਨਾ ਸੋਹਣਾ ਭਰਮ ਹੈ
ਮੇਰੇ ਜਿਉਣ ਦਾ ਸਬੱਬ
ਕਿ ਤੂੰ ਮੈਨੂੰ ਪਿਆਰ ਕਰਦਾ ਹੈ

ਭਰਮ ਕਵਿਤਾਵਾਂ ਬਣਦੇ
ਜਾਂ ਫਟੇ ਹੋਏ ਗੁਬਾਰੇ
ਇੱਕ ਦਿਨ ਟੁੱਟਣੇ ਹੁੰਦੇ
ਬਿਨਾਂ ਤੇਰੇ ਸਹਾਰੇ ਤੋਂ

ਤੇਰੇ ਚਾਹੁਣ ਤੇ ਵੀ
ਮੈਂ ਭਰਮ ਮੁਕਤ ਨਹੀਂ ਹੋਵਾਂਗੀ
ਮੇਰੇ ਭਰਮ
ਟੁੱਟਣ ਤੋਂ ਪਹਿਲਾਂ ਗੀਤ ਬਣਨਗੇ
ਤੇਰੇ ਕੰਨਾਂ ਚ ਗੂੰਜਦੀਆਂ
ਮੇਰੀਆਂ ਪਿਆਰ ਕਵਿਤਾਵਾਂ
*****

# ਕਠਿਨ ਕਾਰਜ

ਦਿਵਸ ਰਾਤ ਵਿਰਾਗ ਵਿੱਚ
ਬੇਨਤੀਆਂ ਕਰਨੀਆਂ
ਮੁਹੱਬਤ ਵਿੱਚ
ਤਰਲਾ ਭਰਨਾ
ਮਿਲਾਪ ਲਈ ਵਿਰਲਾਪ ਕਰਨਾ
ਕਠਿਨ ਕਾਰਜ ਹੈ
ਪਰ ! ਸੁਆਮੀ
ਮੈਂ ਕਰਾਂਗੀ

*****

# ਸਹਿਮਤੀ

ਤੁਹਾਡੇ ਨਾਲ਼ ਸਹਿਮਤ ਹੋਣਾ
ਟੁੱਟੇ ਫੁੱਲ ਨੂੰ
ਟਾਹਣੀ ਨਾਲ਼ ਜੋੜਨ
ਵਾਲੀ ਗੱਲ ਹੈ
*****

## ਮਹਿਕ

ਤੁਹਾਡੇ ਨਾਲ਼
ਨਿਮਾਣਿਆ ਨੂੰ
ਮਾਣ ਮਿਲਦਾ
ਮਨ ਤੰਦਰੁਸਤ
ਖਿੜ ਪੈਂਦਾ
ਮਹਿਕਣ ਲੱਗਦਾ
*****

## ਜਾਗ ਜਾਂਦੇ ਨੇ ਭਾਗ

ਉਸਦੇ ਦਰਬਾਰ ਜੇ ਜਾਈਏ
ਹਉਮੈ ਦਈਏ ਤਿਆਗ

ਉਸਦੇ ਦਰਬਾਰ ਜੇ ਜਾਈਏ
ਜਾਗ ਜਾਂਦੇ ਨੇ ਭਾਗ

ਉਸਦੇ ਦਰਬਾਰ ਜੇ ਜਾਈਏ
ਨਿੰਦਾ ਜਾਈਏ ਭੁੱਲ

ਉਸਦੇ ਦਰਬਾਰ ਜੇ ਜਾਈਏ
ਪੂਰਾ ਪੈਂਦਾ ਮੁੱਲ

ਉਸਦੇ ਦਰਬਾਰ ਜੇ ਜਾਈਏ
ਝੁਕ ਕੇ ਸੀਸ ਨਿਵਾਈਏ

ਉਸਦੇ ਦਰਬਾਰ ਜੇ ਜਾਈਏ
ਖੁਸ਼ੀਆਂ ਖੇੜੇ ਲੈ ਆਈਏ

ਉਸਦੇ ਦਰਬਾਰ ਜੇ ਜਾਈਏ
ਸਿੱਖਿਆ ਲੈ ਕੇ ਆਈਏ

ਉਸਦੇ ਦਰਬਾਰ ਜੇ ਜਾਂਦੇ ਰਹੀਏ
ਕਦੀ ਕਿਤੋਂ ਨਾ ਵਾਂਝੇ ਰਹੀਏ

*****

## ਵਿਛੋੜਾ

ਸਦਾ ਸਤਿਗੁਰ ਧਿਆਈਏ ਹਿਰਦੇ
ਰਹਿਬਰ ਵਿਛੜੇ ਹਾਂ ਤੈਥੋਂ ਕਿੰਨੇ ਚਿਰਦੇ
ਸ਼ਾਹਾਂ ਦਾ ਸ਼ਾਹ ਹੈ ਉਹ ਬੇਪਰਵਾਹ ਹੈ
ਵਾਰੇ ਵਾਰੇ ਜਾਈਏ ਐਸੇ ਸੁੱਚੇ ਪਿਰ ਦੇ
ਸਦਾ ਸਦਾ ਸਤਿਗੁਰ ਧਿਆਈਏ ਹਿਰਦੇ
ਰਹਿਬਰ ਵਿਛੜੇ ਹਾਂ ਤੈਥੋਂ ਕਿੰਨੇ ਚਿਰਦੇ

ਮੁੜਦਾ ਨਹੀਂ ਦਰ ਤੋਂ ਕੋਈ ਸਵਾਲੀ
ਦਾਤਾਂ ਵੰਡਦਾ ਉਹ ਰਹਿਮਤਾਂ ਦਾ ਵਾਲੀ
ਬੇਮੁੱਖ ਬਾਹਰ ਸੱਚ ਲੱਭਦੇ ਨੇ ਫਿਰ ਦੇ
ਸਦਾ ਸਦਾ ਸਤਿਗੁਰ ਧਿਆਈਏ ਹਿਰਦੇ
ਰਹਿਬਰ ਵਿਛੜੇ ਹਾਂ ਤੈਥੋਂ ਕਿੰਨੇ ਚਿਰਦੇ

ਨਿਮਾਣੇ ਹੋ ਪਈਏ ਸਾਹਿਬ ਦੇ ਚਰਨੀ
ਰਸਨਾਂ ਗਾਈਏ ਸੁਣੀਏ ਸ੍ਰਵਣੀ
ਨੇਤਰਾਂ ਚ ' ਨੀਰ ਨਿਰੰਤਰ ਕਿਰਦੇ
ਸਦਾ ਸਦਾ ਸਤਿਗੁਰ ਧਿਆਈਏ ਹਿਰਦੇ
ਰਹਿਬਰ ਵਿਛੜੇ ਹਾਂ ਤੈਥੋਂ ਕਿੰਨੇ ਚਿਰਦੇ

ਐਸੇ ਗੁਰ ਜੀ ਤੋਂ ਬਲ ਬਲ ਜਾਈਏ
ਮੁੱਕਦੇ ਨੇ ਦੁੱਖ ਜਦ ਦਰਸ਼ਨ ਪਾਈਏ
ਖੁਦ ਨੂੰ ਸਵਾਰੀਏ ਸਤਿਗੁਰੂ ਬੁੱਝੀਏ
ਸੀਸ ਝੁਕਾਉਂਦੇ ਨਾ ਨਜ਼ਰਾਂ ਤੋਂ ਗਿਰ ਦੇ
ਸਦਾ ਸਦਾ ਸਤਿਗੁਰ ਧਿਆਈਏ ਹਿਰਦੇ
ਰਹਿਬਰ ਵਿਛੜੇ ਹਾਂ ਤੈਥੋਂ ਕਿੰਨੇ ਚਿਰਦੇ
*****

## ਸਾਂਝਾਂ ਪਾਈਏ

ਆਓ ਪੂਰਾ ਗੁਰੂ ਧਿਆਈਏ
ਗੁਰ ਪੂਰੇ ਨਾਲ ਸਾਂਝਾ ਪਾਈਏ

ਸੱਚੇ ਗੁਰ ਤੋਂ ਸਿੱਖਿਆ ਲੈ ਕੇ
ਆਪਣਾ ਜੀਵਨ ਸਫ਼ਲ ਬਣਾਈਏ

ਸਾਸ ਸਾਸ ਪ੍ਰਭ ਸਿਮਰਨ ਕਰੀਏ
ਵਾਹਿਗੁਰੂ ਨੂੰ ਰਿਦੈ ਵਸਾਈਏ

ਭਾਗਾਂ ਵਾਲੇ ਜੇ ਹੈ ਬਣਨਾ
ਉਸਦੇ ਅੱਗੇ ਸੀਸ ਨਿਵਾਈਏ

ਦੇਵਣ ਵਾਲ਼ਾ ਇੱਕੋ ਦਾਤਾ
ਪਲ ਪਲ ਉਸਦਾ ਸ਼ੁਕਰ ਮਨਾਈਏ

ਸੱਚੇ ਗੁਰੂ ਦਾ ਮੰਨੀਏ ਭਾਣਾ
ਸਦਾ ਸਦਾ ਉਸਦੇ ਗੁਣ ਗਾਈਏ
*****

## ਮਨ ਮੰਦਰ

ਬਲਿਹਾਰੀ ਆਪਣੇ ਗੁਰਾਂ ਤੋਂ ਜੋ ਜੀਵਨ ਦੇਣ ਸਵਾਰ
ਜਗਾਵਣ ਜੋਤ ਗਿਆਨ ਦੀ ਮਨ ਮੰਦਰ ਵਿਚਕਾਰ

ਸੁਣੀਏਂ ਬਾਣੀ ਗੁਰਾਂ ਦੀ ਕਰੀਏ ਸਭ ਸਤਿਕਾਰ
ਸ਼ਬਦ ਗੁਰੂ ਜਹਾਜ ਹੈ ਚੜ੍ਹੇ ਸੋ ਉੱਤਰੇ ਪਾਰ

ਸੁੱਖ ਦਾ ਅੰਮ੍ਰਿਤ ਸੁਖਮਨੀ ਪੜ੍ਹੇ ਜਪੇ ਸੰਸਾਰ
ਓਟ ਹੋਵੇ ਉਸ ਗੁਰੂ ਦੀ ਹੋਵੇ ਨਾ ਫਿਰ ਹਾਰ

ਸ਼ਬਦ ਗੁਰੂ ਨਾਲ਼ ਜੋੜੀਏ ਆਪਣਾ ਕੁੱਲ ਪਰਿਵਾਰ
ਫਿਰ ਹੀ ਸਾਡੀ ਸੋਚ ਦਾ ਹੋਵੇਗਾ ਵਿਸਥਾਰ

ਸਿਮਰਨ ਕਰ ਤੂੰ ਸਾਬਰੀ ਲਾਜ ਰੱਖੇ ਕਰਤਾਰ
ਜਨਮ ਜਨਮ ਤੱਕ ਨਿਭ ਰਹੇ ਏਕੋ ਨਾਮ ਆਧਾਰ
*****

## ਸਤਿਗੁਰੂ

ਸਤਿਗੁਰੂ ਨਾਨਕ ਹੋਈਏ ਤੇਰੇ ਸਿੱਖ ਤੇ ਸਿਜਦਾ ਕਰੀਏ
ਮਨ ਮੰਦਰ ਤੋਂ ਸੁੱਚੀ ਕਰੀਏ ਦਿੱਖ ਤੇ ਸਿੱਜਦਾ ਕਰੀਏ

ਜਾਤ ਪਾਤ ਦਾ ਭੇਦ ਮਿਟਾਈਏ ਸਭ ਸੰਗ ਰਲ਼ਕੇ ਰਹੀਏ
ਨਾਮ ਤੇਰੇ ਦਾ ਓਟ ਆਸਰਾ ਲਿੱਖ ਤੇ ਸਿਜਦਾ ਕਰੀਏ

ਦੁਨੀਆ ਤਾਰਨ ਵਾਲ਼ੇ ਦਾਤਾ ਲੋੜ ਬੜੀ ਹੈ ਸਾਨੂੰ
ਨਾਮ ਤੇਰੇ ਦੀ ਮਿਲ ਜਾਵੇ ਜੇ ਭਿੱਖ ਤੇ ਸਿਜਦਾ ਕਰੀਏ

ਕੱਟੜਤਾ ਦਾ ਪੱਲਾ ਛੱਡਕੇ ਹਉਮੈਂ ਦਾ ਫਾਹ ਵੱਢਕੇ
ਇੱਕ ਥਾਂ 'ਕੱਠੇ ਹੋ ਜਾਵਣ ਜੇ ਸਿੱਖ ਤਾਂ ਸਿਜਦਾ ਕਰੀਏ

ਸਬਰ ਸਿੱਦਕ ਦਾ ਆਸਣ ਸਾਡੇ ਮਨ ਮਸਤਕ ਵਿਚ ਹੋਵੇ
ਘਟ ਘਟ ਵਿਚ ਜੇ ਜਾਵੇਂ ਦਾਤਾ ਦਿੱਖ ਤੇ ਸਿੱਜਦਾ ਕਰੀਏ
*****

# ਹਰਿਮੰਦਰ ਏਹੁ ਸਰੀਰ ਹੈ

ਜੋ ਬਾਹਰ ਸੀ ਉਹੀ ਅੰਦਰ ਸੀ
ਬਸ ਮੈਂ ਹੀ ਸਮਝ ਨਾ ਪਾਇਆ
ਇਹ ਸਰੀਰ ਮੇਰਾ ਹਰਿਮੰਦਰ ਸੀ

ਜੋ ਮੈਂ ਪਾਪ ਕਮਾਉਂਦਾ ਰਿਹਾ
ਉਹ ਮੇਰੇ ਲਈ ਸਭ ਖੰਡਰ ਸੀ
ਜੇ ਕਰਦਾ ਬੰਦਗੀ ,
ਨਦਰਿ ਮੇਰੇ ਤੇ ਹੋ ਜਾਂਦੀ
ਬਸ ਮੈਂ ਹੀ ਸਮਝ ਨਾ ਪਾਇਆ
ਉਹ ਮੇਰੇ ਧੁਰ ਅੰਦਰ ਸੀ !

ਮੈਂ ਲੱਭਦਾ ਰਿਹਾ ਬਾਹਰ ਉਸਨੂੰ
ਉਹ ਮਾਲਕ ਆਪ ਹਿਰਦੇ ਵਿੱਚ ਵੱਸਦਾ ਰਿਹਾ
ਸਾਜਨੜਾ ਮੇਰਾ ਨਿਕਟ ਖਲੋਇਅੜਾ
ਮੈਨੂੰ ਬਾਣੀ ਦੇ ਵਿੱਚ ਦੱਸਦਾ ਰਿਹਾ

ਜੋ ਭਰਮ ਦਾ ਮੇਰੇ ਮਨ ਅੰਦਰ ਜਾਲ ਰਹਿੰਦਾ
ਜਿੰਨੂੰ ਮੈਂ ਲੱਭਦੀ ਫਿਰਦੀ ਸਾਂ
ਉਹ ਸੱਜਣ ਹਰਦਮ ਮੇਰੇ ਨਾਲ ਰਹਿੰਦਾ
ਕਦੇ ਪਰਖਿਆ ਨਾ ਉਸਨੂੰ
ਮੀਂਹ ਮਿਹਰ ਦਾ ਵਰਸਾਉਂਦਾ ਰਿਹਾ
ਉਹ " ਬਖਸ਼ਣਹਾਰਾ" ਸੂਰਤੀ ਦੇ ਵਿੱਚ
ਬਾਤਾਂ ਮੇਰੇ ਨਾਲ ਪਾਉਂਦਾ ਰਿਹਾ

ਐਸੀ ਪੱਟੀ ਬੰਨੀ ਮੈਂ ਅੱਖਾਂ ਉੱਤੇ
ਮੈਨੂੰ ਜ਼ਹਿਰ ਦੁਨਿਆਵੀ ਚੜ੍ਹਿਆ ਰਿਹਾ
ਮੈਂ ਲੰਘ ਗਿਆ ਪਾਸਾ ਵੱਟ ਕੇ ਕੋਲੋਂ ਦੀ
ਮੇਰਾ ਪ੍ਰੀਤਮ ਆਸਰਾ ਬਣਕੇ ਖੜਿਆ ਰਿਹਾ

ਨਕਸ਼ਾ ਏ ਮੇਰੀ ਕਾਇਆ ਦਾ ਜੋ
ਉਹ ਸੋਨੇ ਦਾ ਮੰਦਰ ਸੀ !
ਜੋ ਬਾਹਰ ਸੀ ਉਹੀ ਅੰਦਰ ਸੀ
ਬਸ ਮੈਂ ਹੀ ਸਮਝ ਨਾ ਪਾਇਆ
ਇਹ ਸਰੀਰ ਮੇਰਾ ਹਰਿਮੰਦਰ ਸੀ
*****

## ਸਾਬਰੀ ਰਬਾਬ ਸੁਣ

ਸ਼ਬਦਾਂ ਦਾ ਸਾਗਰ ਹੈ
ਰੂਹ ਉਜਾਗਰ ਹੈ
ਸੋਹਣਾ ਸਰੂਪ ਹੈ
ਬਹੁਤ ਅਨੂਪ ਹੈ
ਦਿਲ ਵਿੱਚ ਆਸ ਹੈ
ਅੰਮ੍ਰਿਤ ਮਿਠਾਸ ਹੈ
ਖ਼ੁਦਾ ਨੂੰ ਸਲਾਮ ਹੈ
ਕ੍ਰਿਸ਼ਮਾ ਕਲਾਮ ਹੈ
ਸਾਬਰੀ ਰਬਾਬ ਸੁਣ
ਪਿਆਰੇ ਦਾ ਜੁਆਬ ਸੁਣ
ਜਿਸਦਾ ਨਾ ਅੰਤ ਹੈ
ਉਹ ਬਹੁਤ ਬੇਅੰਤ ਹੈ
*****

## ਮਹਿਰਮਾ

ਇੰਝ ਕਿਤੇ ਹੋਵੇ ਨਾ ਕਿ
ਚੇਤਿਆਂ 'ਚੋਂ ਵਿਸਾਰ ਤੈਨੂੰ
ਮੇਰਿਆਂ ਸਾਹਾਂ ਵਾਲ਼ੀ ਡੋਰ ਮੁੱਕ ਜਾਏ
ਕੁਝ ਇਸ ਤਰ੍ਹਾਂ ਮਿਲੀ, ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ ਮੇਰੇ 'ਚੋਂ ਮੈਂ ਮੁੱਕ ਜਾਏ

ਤੈਥੋਂ ਉਹਲਾ ਨਾ ਕੋਈ
ਸੁਣ ਮੇਰੀ ਅਰਜ਼ੋਈ
ਨਵੇਂ ਫੁੱਟੇ ਫੁੱਲ ਜਿਹੀਆਂ
ਹਰੀਆਂ ਉਮੀਦਾਂ ਮੇਰੀਆਂ
ਝੜ੍ਹੇ ਪੱਤਿਆਂ ਦੇ ਵਾਂਗ
ਨਾ ਜਾਣ ਸੁੱਕ ਵੇ
ਕੁਝ ਇਸ ਤਰ੍ਹਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ ਮੇਰੇ 'ਚੋਂ ਮੈਂ ਮੁੱਕ ਜਾਏ

ਨਾ ਸੋਚਾਂ ਕੁਝ ਹੋਰ ਬਸ
ਤੇਰੇ ਬਾਰੇ ਸੋਚਦੀ ਹਾਂ
ਤੇਰੇ ਮਿਲਾਪ ਵਾਲ਼ੀ ਘੜੀ
ਮੈਂ ਹਰ ਪਲ ਲੋਚਦੀ ਹਾਂ
ਤੇਰੇ ਬਿਨਾਂ ਸੁੱਕੀ ਜੜ੍ਹ ਵਾਲ਼ਾ
ਨਿਪੱਤਰਾ ਮੈਂ ਰੁੱਖ ਵੇ
ਕੁਝ ਇਸ ਤਰਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ ਚੋਂ ਮੈਂ ਮੁੱਕ ਜਾਏ

ਮੇਰੇ ਦਿਲ ਦੀਆਂ ਰਮਜ਼ਾਂ ਨੂੰ
ਤੂੰ ਹੀ ਬਸ ਜਾਣਦਾ ਹੈਂ
ਮੈਥੋਂ ਵੱਧ ਪਤਾ ਮੈਨੂੰ
ਤੂੰ ਮੈਨੂੰ ਪਹਿਚਾਣਦਾ ਹੈਂ
ਇੰਜ ਕਿਤੇ ਹੋਵੇ ਨਾ ਕਿ
ਤੇਰੇ ਆਉਣ ਵਾਲ਼ੀ ਘੜੀ ਰੁਕ ਜਾਏ
ਕੁਝ ਇਸ ਤਰ੍ਹਾਂ ਮਿਲੀ ਮਹਿਰਮਾ
ਤੂੰ ਮੇਰੇ 'ਚ ਰਹੇਂ ਤੇ, ਮੇਰੇ 'ਚੋਂ ਮੈਂ ਮੁੱਕ ਜਾਏ
*****

## ਸ਼ੁਕਰੀਆ

ਗੁਰੂ ਨੇ ਦੇ ਕੇ ਦਾਤ ਸੋਹਣੀ
ਕਰਵਾਈ ਕਿਤਾਬ ਤਿਆਰ

ਜਿਹੜਾ ਇਸ ਨੂੰ ਪੜ੍ਹ ਲਵੇ
ਕਰੇ ਕਰਤਾ ਨਾਲ਼ ਪਿਆਰ

ਦੇਵਣ ਵਾਲ਼ਾ ਥੱਕਦਾ ਨਹੀਂ
ਨਾ ਮੁੱਕੇ ਖ਼ਜ਼ਾਨੇ ਦਾ ਭੰਡਾਰ

ਪੜ੍ਹੀਏ ਹਿਰਦੇ ਰੱਖੀਏ ਸਾਂਭ
ਵੱਸੇ ਕਣ ਕਣ ਵਿਚ ਕਰਤਾਰ

ਸਦਾ ਸ਼ੁਕਰੀਆ ਸੱਚੇ ਸਾਈਂ
ਸਾਬਰੀ ਤੇਰੇ ਤੋਂ ਬਲਿਹਾਰ
*****

## ਸਰਬ ਸੁੱਖ

ਜਿੰਨਾਂ ਨੇ ਸਤਿਗੁਰੂ ਧਿਆਇਆ
ਉਹਨਾਂ ਨੇ ਸਰਬ ਸੁੱਖ ਪਾਇਆ

ਹਉਮੈ ਨੂੰ ਜਿਸ ਮਾਰ ਮੁਕਾਇਆ
ਰੱਬ ਨੇ ਉਸਨੂੰ ਆਪ ਜਣਾਇਆ

ਜਿਸਨੇ ਮਾਰਗ ਸਹੀ ਦਿਖਲਾਇਆ
ਗੁਰਮੁਖ ਵੱਡਾ ਉਹ ਅਖਵਾਇਆ

ਚੜ੍ਹਦੀ ਕਲਾ ਦਾ ਲੇਖ ਲਿਖਾਇਆ
ਕਿਰਪਾ ਕੀਤੀ ਭਰਮ ਮਿਟਾਇਆ

ਜਿਸਨੇ ਹਰਿ ਨੂੰ ਸਦਾ ਹੀ ਰਾਇਆ
ਉਸਦੇ ਵਿਚ ਹੈ ਸਹਿਜ ਸਮਾਇਆ

ਨਾਮ ਪ੍ਰਭੂ ਦਾ ਰਲ ਮਿਲ ਗਾਇਆ
ਮੋਹ ਮਾਇਆ ਦਾ ਦੀਪ ਬੁਝਾਇਆ
*****

## ਆਨੰਦ, ਚੌਪਈ, ਰਹਿਰਾਸ

ਗਹਿਰੇ ਕਿੰਨੇ ਅਹਿਸਾਸ ਅੰਦਰ
ਆਨੰਦ ਚੌਪਈ ਰਹਿਰਾਸ ਅੰਦਰ
ਸ਼ਬਦ ਸਹਿਜ ਸੁਣ ਰਾਗ ਅੰਦਰ
ਹਰ ਸਿਓ ਪ੍ਰੀਤ ਕਰ ਜਾਗ ਅੰਦਰ

ਵਿਰਲੇ ਬੁੱਝਣ ਕਾਇਆ ਅੰਦਰ
ਸੱਚਾ ਗੁਰੂ ਧਿਆਇਆ ਅੰਦਰ
ਮਨ ਕੀ ਲਗਨ ਲਗਾਈ ਅੰਦਰ,
ਗੁਰੂ ਨੇ ਜੋਤ ਜਗਾਈ ਅੰਦਰ

ਬੜਾ ਸੰਘਣਾ ਹੈ ਪ੍ਰਕਾਸ਼ ਅੰਦਰ
ਰੱਬ ਨੂੰ ਕਰੋ ਤਲਾਸ਼ ਅੰਦਰ
ਉਸਤਤਿ ਹਰਿ ਦੀ ਹੋਵੇ ਅੰਦਰ
ਦਾਤਾ ਆਪ ਖਲੋਵੇ ਅੰਦਰ

ਨਾਮ ਬਿਨਾਂ ਸੰਸਾਰ ਅੰਦਰ
ਕੁਝ ਨਹੀਂ ਹੈ ਕਿਰਦਾਰ ਅੰਦਰ
ਸਭ ਕੁਝ ਮਿਲਦਾ ਇਸ ਘਰ ਅੰਦਰ
ਨਹੀਂ ਰਹਿੰਦਾ ਫਿਰ ਕੋਈ ਡਰ ਅੰਦਰ

*****

## ਸੋਹਣਾ ਸਿੱਖੀਏ

ਥੋੜਾ ਸਿੱਖੀਏ ਸੋਹਣਾ ਸਿੱਖੀਏ,
ਇੱਕ ਦੂਜੇ ਦੇ ਹੋਣਾ ਸਿੱਖੀਏ ।

ਛੱਡ ਵੈਰ ਵਿਰੋਧ ਮੋਹ ਮਾਇਆ,
ਪ੍ਰੇਮ ਪਿਆਰ ਪਾਉਣਾ ਸਿੱਖੀਏ।

ਸਦਾ ਨਹੀਂ ਰਹਿਣ ਬਸੇਰਾ ਏਥੇ,
ਆਓ ਗਲ ਨਾ ਲਾਉਣਾ ਸਿੱਖੀਏ।

ਇਹ ਜੱਗ ਚਾਰ ਦਿਨਾਂ ਦਾ ਮੇਲਾ,
ਗੀਤ ਖੁਸ਼ੀ ਦਾ ਗਾਉਣਾ ਸਿੱਖੀਏ।
*****

## ਅਸਲ ਮਨੋਰਥ

ਅਸੀਂ ਕੀ ਮਨੋਰਥ
ਲੈ ਕੇ ਆਏ ਸਾਂ ?
ਤੇ ਕੀ ਕਰ ਰਹੇ ਹਾਂ?
ਇਸ ਬਾਰੇ ਵਿਚਾਰਣਾ
ਵਿਸਰ ਹੀ ਗਿਆ

ਸੁੱਧ ਬੁੱਧ ਮਾਰੀ ਗਈ
ਮਨ ਤ੍ਰੈ ਗੁਣਾ ਦੇ
ਆਖੇ ਲੱਗ
ਸੰਸਾਰ ਨੂੰ ਆਪਣੇ
ਕਰਤੱਵ ਦਿਖਾਉਣ ਵਿੱਚ
ਵਿਅਸਤ ਹੈ

ਕਾਇਆ ਅਤੇ ਮਨ
ਰੁਲਦਾ ਜਾ ਰਿਹਾ ਹੈ
ਸਾਡਾ ਧਿਆਨ
ਜਾਲ ਵਿੱਚ ਫਸਿਆ
ਸਾਨੂੰ ਭੇਤ ਹੀ ਨਹੀਂ

ਆਓ ਮਨ ਨੂੰ
ਅੰਮ੍ਰਿਤ ਦੇ ਪਵਿੱਤਰ
ਹਰਿ ਨਾਮ ਵਾਲੇ

ਛਿੱਟੇ ਮਾਰੀਏ ! ਅਤੇ
ਆਪਣੇ ਆਪ ਨੂੰ
ਗੁਰੂ ਸਾਹਿਬ ਦੇ
ਗੁਲਾਮ ਬਣਾ ਦਈਏ

ਆਪਣਾ ਆਪ
ਉਹਨਾਂ ਦੇ
ਹਵਾਲੇ ਕਰ ਦਈਏ
ਮਨੋਰਥ ਪੂਰਾ ਕਰੀਏ

ਇੰਞ ਨਾ ਹੋਵੇ ਕਿ ਸਾਨੂੰ
ਸਾਈਂ ਦੇ ਭਰੇ ਦਰਬਾਰ ਵਿੱਚ
ਸ਼ਰਮਿੰਦਾ ਹੋਣਾ ਪਵੇ
ਆਓ ਆਪਣਾ ਮਨੋਰਥ
ਪੂਰਾ ਕਰੀਏ
ਸੰਸਾਰ ਨੂੰ ਤਿਆਗੀਏ
*****

# ਤੇਰੇ ਦਰ

ਜਦ ਆਈਏ ਤੇਰੇ ਦਰ ਦਾਤਾ
ਤੂੰ ਝੋਲੀਆਂ ਦੇਵੇਂ ਭਰ ਦਾਤਾ

ਹੱਥ ਰੱਖ ਕੇ ਸਿਰ ਤੇ ਰਹਿਮਤ ਦਾ
ਤੇ ਨਜ਼ਰ ਸਵੱਲੀ ਕਰ ਦਾਤਾ

ਜਿੱਥੇ ਸੁੱਖ ਸ਼ਾਂਤੀ ਸਹਿਜ ਵੱਸੇ
ਇਹੋ ਜਿਹਾ ਤੇਰਾ ਘਰ ਦਾਤਾ

ਤੇਰੇ ਦਰ ਨਾਲ਼ੋਂ ਵੱਖ ਹੋ ਕੇ
ਸਾਡਾ ਸਕਦਾ ਨਹੀਂ ਹੈ ਸਰ ਦਾਤਾ

ਸੁਣ ਕੀਰਤਨ ਹੁੰਦਾ ਦਰ ਤੇਰੇ
ਸਭ ਮੁੱਕ ਜਾਂਦੇ ਨੇ ਡਰ ਦਾਤਾ
*****

## ਕਮਾਲ ਪੰਜਾਬੀ

ਬਾਲ ਪੰਜਾਬੀ ਭਾਲ ਪੰਜਾਬੀ
ਕਿਹੜੇ ਹੈ ਵਿਚ ਹਾਲ ਪੰਜਾਬੀ

ਊੜਾ ਐੜਾ ਈੜੀ ਸੱਸਾ
ਕਰਦੀ ਫਿਰੇ ਕਮਾਲ ਪੰਜਾਬੀ

ਜਦ ਤੂੰ ਮੰਜ਼ਿਲ ਵੱਲ ਸੈਂ ਤੁਰਿਆ
ਬਣਦੀ ਸੀ ਤੇਰੀ ਚਾਲ ਪੰਜਾਬੀ

ਦੇਖ ਮੈਂ ਤੇਰੀ ਮਾਂ ਦੀ ਬੋਲੀ
ਤੈਨੂੰ ਲੱਗਦੀ ਗਾਹਲ ਪੰਜਾਬੀ

ਭਾਸ਼ਾ ਹਰ ਹੈ ਉੱਚੀ ਸੁੱਚੀ
ਚੱਲਦੀ ਸਾਹਾਂ ਨਾਲ ਪੰਜਾਬੀ

ਫ਼ਰੀਦ ਬੁੱਲਾ ਵਾਰਿਸ ਸ਼ਾਹ
ਨਾਨਕ ਕਰੇ ਸਵਾਲ ਪੰਜਾਬੀ

ਹਾਣੀ ਤੇਰੇ ਸ਼ਿਵ ਨੇ ਵੀ ਤਾਂ
ਸ਼ਬਦਾਂ ਚ ਲਈ ਢਾਲ ਪੰਜਾਬੀ

ਮੈਨੂੰ ਹਰ ਪਲ ਗੀਤ ਸੁਣੇਂਦਾ
ਹਰ ਸੁਰ ਤੇ ਹਰ ਤਾਲ ਪੰਜਾਬੀ।

*****

## ਸਾਬਰੀ ਸਾਹਿਬ ਦੇ ਦਰਬਾਰ

ਹਉਮੈ ਨੂੰ ਤਿਆਗ ਮਨਾਂ
ਅੰਦਰ ਆਪਣੇ ਜਾਗ ਮਨਾਂ
ਸੁਣ ਮੂਰਖ ਮਨ ਨੀਚ ਮੇਰੇ
ਪਾ ਸਤਿਗੁਰੂ ਨਾਲ਼ ਪਿਆਰ
ਮਨ ਤਨ ਪਵਿੱਤਰ ਹੋ ਜਾਂਦਾ
ਸਾਬਰੀ ਸਾਹਿਬ ਦੇ ਦਰਬਾਰ

ਇੱਕ ਬੇਨਤੀ ਸੁਣੋ ਦਾਤਾਰ
ਹੇ ਮਨ ਮੇਰੇ ਨਾਮ ਅਧਾਰ
ਗੁਰੂ ਜੀਵਨ ਜਾਚ ਸਿਖਾਵੇ
ਤੇ ਸਿਖਾਵੇ ਸਾਨੂੰ ਹਰ ਵਾਰ
ਮਨ ਤਨ ਪਵਿੱਤਰ ਹੋ ਜਾਂਦਾ
ਸਾਬਰੀ ਸਾਹਿਬ ਦੇ ਦਰਬਾਰ

ਨਿੰਦਿਆ ਕਦੇ ਨਾ ਕਰਿਓ
ਨਾ ਮਨ ਵਿੱਚ ਰੱਖਿਓ ਦੁਬਿਧਾ
ਜੇ ਅਸੀਂ ਇਹ ਨਾ ਤਿਆਗੇ
ਪੈਣੀ ਸਖ਼ਤ ਜਮਾਂ ਦੀ ਮਾਰ
ਮਨ ਤਨ ਪਵਿੱਤਰ ਹੋ ਜਾਂਦਾ
ਸਾਬਰੀ ਸਾਹਿਬ ਦੇ ਦਰਬਾਰ

ਸੰਗਤ ਵਿੱਚ ਜਰੂਰ ਆਓ
ਵਡਭਾਗੇ ਜਨ ਆਖਵਾਓ

ਉਸਤਤ ਕਰੀਏ ਮਿਲਕੇ ਤੇ
ਹੁਣ ਖੁਦ ਨੂੰ ਲਈਏ ਸਵਾਰ
ਮਨ ਤਨ ਪਵਿੱਤਰ ਹੋ ਜਾਂਦਾ
ਸਾਬਰੀ ਸਾਹਿਬ ਦੇ ਦਰਬਾਰ
*****

# ਤੇਰੇ ਦਰਸ਼ਨਾਂ ਤੋਂ ਬਗੈਰ

ਲਿਵ ਦੇ ਰਸਤੇ ਤੇ ਚੱਲਦਿਆਂ
ਮਨ ਨੂੰ ਉਸ ਦਰ ਤੇ ਖੜਿਆ
ਵਿਚਾਰਾਂ ਫੁਰਨਿਆਂ ਦੇ
ਬੂਹੇ ਬੰਦ ਕਰ
ਸ਼ਬਦ ਸਹਿਜ ਵਿੱਚ
ਬਿਠਾਇਆ

ਮਨ ਪ੍ਰਸੰਨ ਹੋਇਆ
ਪ੍ਰੇਮ ਵਿੱਚ ਭਿੱਜਿਆ
ਸ਼ਬਦ ਤਬਲੇ ਦੀ ਤਾਲ ਨਾਲ਼
ਧੜਕਣ ਵਿੱਚ ਧੜਕਣ ਲੱਗੇ
ਮਨ ਉੱਠ ਖਲੋਇਆ

ਆਤਮਾ ਪ੍ਰਮਾਤਮਾ ਦੀ ਯਾਦ ਵਿੱਚ
ਵੈਰਾਗ ਫੁੱਟਿਆ
ਸਹਿਜ ਸੁਭਾਅ ਸਬੱਬ ਬਣਿਆ
ਮਨ ਤ੍ਰੈ ਗੁਣ ਤੋਂ ਉੱਪਰ
ਤਾਲ ਵਿੱਚ ਤਿਲਮਿਲਾ ਉੱਠਿਐ

ਅੰਦਰੇ ਅੰਦਰ
ਬੇਨਤੀਆਂ ਹੋਈਆਂ ਕਿ
ਤੇਰੇ ਨਾਲ਼ ਏਦਾਂ ਹੀ
ਮਨ ਜੁੜਿਆ ਰਹੇ

ਤੇਰੇ ਨਾਲੋਂ ਟੁੱਟਣ ਤੇ
ਟੁੱਟਦੀ ਰਹਾਂਗੀ ਟੁਕੜਾ ਟੁਕੜਾ
ਭੁਰਦੀ ਰਹਾਂਗੀ ਭੋਰਾ ਭੋਰਾ

ਕੋਈ ਅਜਿਹਾ ਕੌਤਕ ਵਰਤ
ਨੇੜਤਾ ਬਣਾ
ਆਸ ਵੇਖ
ਪਿਆਰ ਵੇਖ
ਤਰਲਾ ਵੇਖ
ਉਡੀਕ ਵੇਖ
ਵੇਖ ਕਿ ਮਨ ਕਿੱਦਾਂ ਰਹਿੰਦਾ ਹੈ
ਤੇਰੇ ਦਰਸ਼ਨਾਂ ਤੋਂ ਬਗੈਰ !
*****

## ਸੁੰਦਰ ਦੀਵਾਨ ਹੈ

ਸੁਰੀਲਾ ਸਾਜ਼ ਹੈ ਸੋਹਣੀ ਅਵਾਜ਼ ਹੈ
ਵਿਲੱਖਣ ਅੰਦਾਜ਼ ਹੈ ਗਹਿਰਾ ਰਾਜ਼ ਹੈ

ਖ਼ੂਬ ਸੋਹਣੀ ਸ਼ਾਮ ਹੈ ਕੋਲ ਤੇਰਾ ਨਾਮ ਹੈ
ਮਿਲਿਆ ਮੁਕਾਮ ਹੈ ਸਕੂਨ ਤੇ ਅਰਾਮ ਹੈ

ਸਭ ਤੋਂ ਕਮਾਲ ਹੈ ਰੱਬ ਮੇਰੇ ਨਾਲ ਹੈ
ਮੱਠੀ ਮੱਠੀ ਚਾਲ ਹੈ ਰੌਣਕ ਨਿਹਾਲ ਹੈ

ਕੈਸੀ ਕਰਾਮਾਤ ਹੈ ਖ਼ੁਦਾ ਦੀ ਬਾਤ ਹੈ
ਅੰਤਰ ਝਾਤ ਹੈ ਖਿੜੀ ਕਾਇਨਾਤ ਹੈ

ਦਰਬਾਰੀ ਰਾਗ ਹੈ ਦਿਲ'ਚ ਵਿਰਾਗ ਹੈ
ਜਗਦਾ ਚਿਰਾਗ ਹੈ ਧੰਨ ਹੋਇਆ ਭਾਗ ਹੈ

ਪ੍ਰਕਾਸ਼ ਹੀ ਪ੍ਰਕਾਸ਼ ਹੈ ਜਿਸਦੀ ਤਲਾਸ਼ ਹੈ
ਦੁੱਖਾਂ ਦਾ ਨਾਸ਼ ਹੈ ਤੇ ਧਰਤ ਅਕਾਸ਼ ਹੈ

ਸੱਚਾ ਦਰਬਾਰ ਹੈ ਉਹ ਅਪਰਮਪਾਰ ਹੈ
ਵਿਰਲੇ ਨੂੰ ਸਾਰ ਹੈ ਸਦਾ ਜੈ ਜੈ ਕਾਰ ਹੈ

ਅਸਲ ਵਜੂਦ ਹੈ ਤੇ ਅਮਰ ਮੌਜੂਦ ਹੈ
ਸੁੰਦਰ ਦੀਵਾਨ ਹੈ ਪਾਤਸ਼ਾਹ ਮਹਾਨ ਹੈ

ਸਦਕੇ ਜਹਾਨ ਹੈ ਝੂਲਦਾ ਨਿਸ਼ਾਨ ਹੈ
ਸਾਬਰੀ ਸਬਰ ਹੈ ਕਿਉਂ ਬੇਖ਼ਬਰ ਹੈ

ਇੱਕ ਮਹਾਰਾਜ ਹੈ ਉਹ ਗਰੀਬ ਨਿਵਾਜ਼ ਹੈ
ਆਪਣੇ ਤੇ ਨਾਜ਼ ਹੈ ਲੱਜਿਆ ਦੀ ਲਾਜ਼ ਹੈ

ਨੇੜ ਹੈ ! ਨਾ ਦੂਰ ਹੈ ਸਾਹਿਬ ਹਜ਼ੂਰ ਹੈ
ਨੈਣਾਂ ਨੂੰ ਸਰੂਰ ਹੈ ਦੇਖਣਾ ਜ਼ਰੂਰ ਹੈ